# ਇਬਰਾਨੀਆਂ, ਅਧਿਆਇ ਸੱਤ 2

ਤੁਹਾਨੂੰ ਬਰਕਤ ਮਿਲੇ! ਮੈਂ ਸੋਚਦਾ ਹਾਂ, ਪਹਿਲਾਂ, ਸਾਡੇ ਕੋਲ ਇੱਥੇ ਇੱਕ ਛੋਟਾ ਬੱਚਾ ਹੈ, ਡਾਕਟਰ ਨੇ ਮੈਨੂੰ ਕੁਝ ਮਿੰਟ ਪਹਿਲਾਂ ਦੱਸਿਆ ਸੀ, ਮੇਰਾ ਭਾਈ, ਸਰੀਰ ਵਿੱਚ ਇੱਕ ਭਾਈ, ਜੋ ਚਾਹੁੰਦਾ ਸੀ...ਸਮਰਪਣ ਲਈ ਸੀ। ਅਤੇ ਹੁਣ ਜੇ ਉਹਨਾਂ ਮਾਵਾਂ ਕੋਲ ਆਪਣੇ ਛੋਟੇ ਬੱਚੇ ਹਨ ਜੋ ਉਹ ਪ੍ਰਭੂ ਨੂੰ ਸਮਰਪਿਤ ਕਰਨਾ ਚਾਹੁੰਦੀਆਂ ਹਨ, ਸਾਨੂੰ ਖੁਸ਼ੀ ਹੋਵੇਗੀ ਜੇ ਉਹ ਹੁਣੇ ਆਉਣ, ਉਨ੍ਹਾਂ ਦੇ ਛੋਟੇ ਬੱਚਿਆਂ ਨੂੰ ਲੈ ਕੇ।

239 ਹੁਣ, ਅਤੇ ਬਹੁਤ ਸਾਰੇ ਲੋਕ, ਉਹ, ਜੋ ਉਹ ਆਖਦੇ ਹਨ, ਉਹਨਾਂ ਨੂੰ ਬਪਤਿਸਮਾ ਦਿੰਦੇ ਹਨ। ਮੈਥੋਡਿਸਟ ਕਲੀਸਿਯਾ ਅਜਿਹਾ ਕਰਦੀ ਹੈ, ਅਤੇ ਮੈਨੂੰ ਯਕੀਨ ਹੈ ਕਿ ਨਾਜ਼ਰੀਨ ਵੀ। ਮੈਂ ਪੱਕਾ ਨਹੀਂ ਕਹਿ ਸਕਦਾ। ਨਹੀਂ। ਮੈਨੂੰ ਲਗਦਾ ਹੈ ਕਿ ਇਹ ਉਹੀ ਮੁੱਦਾ ਹੈ ਜਿਸ ਤੇ ਉਹ ਵੱਖ ਹੋਏ ਸਨ, ਉਹ ਸੀ ਬਾਲ ਬਪਤਿਸਮਾ, ਨਾਜ਼ਰੀਨ ਅਤੇ ਆਜਾਦ ਮੈਥੋਡਿਸਟ। ਪਰ, ਹਾਲਾਂਕਿ, ਉਨ੍ਹਾਂ ਵਿੱਚੋਂ ਕੁਝ, ਉਹ ਇੱਕ ਕੰਮ ਕਰਦੇ ਹਨ ਅਤੇ ਜਾਂ ਦੂਜਾ। ਪਰ, ਅਤੇ ਉਹਨਾਂ ਵਿੱਚੋਂ ਕੁਝ ਉਹਨਾਂ ਉੱਤੇ ਥੋੜਾ ਜਿਹਾ ਪਾਣੀ ਡੋਲ੍ਹਦੇ ਹਨ। ਕੁਝ ਉਹਨਾਂ ਤੇ ਛਿੜਕਾਅ ਕਰਦੇ ਹਨ। ਅਤੇ, ਪਰ ਅਸੀਂ ਹਮੇਸ਼ਾ ਬਾਈਬਲ ਦੇ ਬਿਲਕੁਲ ਨੇੜੇ ਰਹਿਣ ਦੀ ਕੋਸ਼ਿਸ਼ ਕਰਦੇ ਹਾਂ ਜਿੰਨਾਂ ਕੁ ਅਸੀਂ ਜਾਣਦੇ ਹਾਂ। ਹੁਣ, ਬੱਚੇ ਤੇ ਛਿੜਕਾਅ ਕਰਨ ਬਾਰੇ ਬਾਈਬਲ ਵਿਚ ਕੋਈ ਲਿਖਤ ਨਹੀਂ ਹੈ, ਨਾ ਹੀ ਬਾਈਬਲ ਵਿਚ ਕਿਸੇ ਵਿਅਕਤੀ ਉੱਤੇ ਛਿੜਕਾਅ ਕਰਨ ਬਾਰੇ ਕੋਈ ਲਿਖਤ ਹੈ। ਇਹ ਗੱਲ ਕਿਸੇ ਲਿਖਤ ਦੇ ਅਨੁਸਾਰ ਨਹੀਂ ਹੈ। ਇਹ ਕੈਥੋਲਿਕ ਚਰਚ ਦਾ ਸਿਲਸਿਲਾ ਹੈ।

240 ਪਰ ਉਹ—ਪਰ ਉਹ ਕਰਦੇ ਹਨ, ਲਿਆਏ...ਉਹ ਯਿਸੂ ਕੋਲ ਛੋਟੇ ਬੱਚਿਆਂ ਨੂੰ ਲਿਆਏ ਸਨ। ਅਤੇ—ਅਤੇ ਅਸੀਂ ਉਸਦੀ ਨੁਮਾਇੰਦਗੀ ਕਰਨੀ ਹੈ। ਅਸੀਂ ਉਹੀ ਕੰਮ ਕਰਨਾ ਚਾਹੁੰਦੇ ਹਾਂ ਜੋ ਉਸਨੇ ਕੀਤਾ ਸੀ। ਉਸਨੇ ਆਪਣੇ ਹੱਥ ਉਹਨਾਂ ਉੱਤੇ ਰੱਖੇ ਅਤੇ—ਅਤੇ ਉਨ੍ਹਾਂ ਨੂੰ ਅਸੀਸ ਦਿੱਤੀ ਅਤੇ ਕਿਹਾ, "ਛੋਟੇ ਬੱਚਿਆਂ ਨੂੰ ਮੇਰੇ ਕੋਲ ਆਉਣ ਤੋਂ ਨਾ ਵਰਜੋ, ਅਤੇ ਉਨ੍ਹਾਂ ਨੂੰ ਮਨ੍ਹਾ ਨਾ ਕਰੋ, ਕਿਉਂਕਿ ਸਵਰਗ ਦਾ ਰਾਜ ਇਹੋ ਜਿਹੇ ਲੋਕਾਂ ਦਾ ਹੈ।" ਅਤੇ ਇਹੀ ਹੈ ਜੋ ਅਸੀਂ ਇੱਥੇ ਡੇਰੇ ਵਿੱਚ ਕਰਨਾ ਜਾਰੀ ਰੱਖਦੇ ਹਾਂ, ਜਦ ਅਸੀਂ ਅਸਲ ਬਾਈਬਲ, ਪਵਿੱਤਰ ਤਰੀਕੇ ਨਾਲ ਅੱਗੇ ਵਧਣ ਦੀ ਕੋਸ਼ਿਸ਼ ਕਰਦੇ ਹਾਂ, ਸਭ ਤੋਂ ਵਧੀਆ ਤਰੀਕੇ ਨਾਲ ਜੋ ਅਸੀਂ ਜਾਣਦੇ ਹਾਂ।

241 ਇਸ ਲਈ ਹੁਣ, ਜੇਕਰ ਉਹ ਮਾਂ, ਜਾਂ ਕਿਸੇ ਵੀ ਮਾਂ ਨੇ ਆਪਣੇ ਛੋਟੇ ਬੱਚੇ ਸਮਰਪਿਤ ਕਰਨੇ ਹਨ, ਜਦ ਭੈਣ ਗਰਟੀ *ਉਹਨਾਂ ਨੂੰ ਅੰਦਰ ਲਿਆਓ* ਦੀ ਧੁਣ ਵਜਾਉਂਦੀ ਹੈ, ਤੁਸੀਂ ਉਨ੍ਹਾਂ ਨੂੰ ਜਗਵੇਦੀ ਤੇ, ਕਿਉਂ ਨਹੀਂ ਲਿਆਉਂਦੇ ਹੋ। ਭਾਈ ਅਤੇ ਮੈਂ ਹੇਠਾਂ ਆਵਾਂਗੇ ਅਤੇ ਛੋਟੇ ਬੱਚਿਆਂ ਨੂੰ ਪ੍ਰਭੂ ਨੂੰ ਸਮਰਪਿਤ ਕਰਾਂਗੇ। ਠੀਕ ਹੈ।

ਭਾਈ ਨੇਵਿਲ…[ਟੇਪ ਉੱਤੇ ਖਾਲੀ ਥਾਂ—ਸੰਪਾ.]

242 ਧੰਨਵਾਦ, ਭੈਣ ਗਰਟੀ। ਇਹ ਬਹੁਤ ਵਧੀਆ ਹੈ। ਕਿੰਨੇ ਲੋਕ ਛੋਟੇ ਬੱਚਿਆਂ ਨੂੰ ਪਿਆਰ ਕਰਦੇ ਹਨ? ਜੇ ਤੁਸੀਂ ਨਹੀਂ ਕਰਦੇ, ਤਾਂ ਤੁਹਾਡੇ ਵਿੱਚ ਕੁਝ ਗਲਤ ਹੈ, ਕੁਝ ਗਲਤ ਹੈ।

243 ਹੁਣ, ਅੱਜ ਰਾਤ, ਹੁਣ ਬਾਕੀ ਸਭਾਵਾਂ ਵਿੱਚ ਜਾਣ ਲਈ। ਅਸੀਂ…ਜਿਸ ਕਾਰਨ ਮੈਂ ਅੱਜ ਰਾਤ ਦੁਬਾਰਾ ਹੇਠਾਂ ਆਇਆ ਹਾਂ। ਆਮ ਤੌਰ ਤੇ ਇਨ੍ਹਾਂ ਦਿਨਾਂ ਵਿਚ ਜਦੋਂ ਸਾਡੇ ਕੋਲ ਚੰਗਾਈ ਸਭਾਵਾਂ ਹੁੰਦੀਆਂ ਹਨ, ਮੈਂ ਦਿਨ ਵਿੱਚ ਸਿਰਫ਼ ਇੱਕ ਸਭਾ ਕਰਦਾ ਹਾਂ, ਕਿਉਂਕਿ ਇਹ ਮੈਨੂੰ ਅਜਿਹਾ ਝੰਜੋੜ ਦਿੰਦਾ ਹੈ। ਤੁਹਾਨੂੰ ਇਹਦਾ ਕਦੇ ਪਤਾ ਨਹੀਂ ਚੱਲਦਾ। ਅਤੇ ਇੱਥੇ ਘਰ ਵਿੱਚ ਹੋਰ ਕਿਤੇ ਨਾਲੋਂ ਦੁੱਗਣੀ ਬੁਰੀ ਹਾਲਤ ਹੋ ਜਾਂਦੀ ਹੈ।

244 ਅਤੇ ਮੈਂ ਅਜਿਹੀ ਗਲਤੀ ਕਰਨ ਲਈ ਮੁਆਫੀ ਮੰਗ ਰਿਹਾ ਸੀ ਜਿਵੇਂ ਮੈਂ ਅੱਜ ਸਵੇਰੇ ਇਸ ਨਾਲ ਕੀਤਾ ਸੀ। ਪਰ ਪਹਿਲੀ ਗੱਲ ਜਿਸ ਨੇ ਮੈਨੂੰ ਪਰੇਸ਼ਾਨ ਕੀਤਾ, ਜਦੋਂ ਬਿਲੀ ਮੈਨੂੰ ਦੱਸਣ ਲਈ ਆਇਆ ਕਿ ਉਸਨੂੰ ਪ੍ਰਾਰਥਨਾ ਕਾਰਡ ਦੇਣ ਲਈ ਲੋੜੀਂਦੇ ਲੋਕ ਨਹੀਂ ਮਿਲੇ। ਉਹ ਸਿਰਫ਼ ਬਾਰਾਂ ਜਾਂ ਚੌਦਾਂ ਹੀ ਦੇ ਸਕਿਆ। ਅਤੇ ਉਸ ਕੋਲ ਇੱਕ…ਕੋਈ ਵੀ ਪ੍ਰਾਰਥਨਾ ਕਾਰਡ ਨਹੀਂ ਚਾਹੁੰਦਾ ਸੀ। ਮੈਂ ਅੰਦਾਜ਼ਾ ਲਗਾਇਆ ਕਿ ਸਭ ਕੁਝ ਠੀਕ ਸੀ। ਇਸ ਲਈ, ਉਦੋਂ ਤਕ, ਮੈਂ ਕਦੇ ਨਹੀਂ ਸੋਚਿਆ…ਅਤੇ ਫਿਰ ਜਦੋਂ ਮੈਂ ਉਨ੍ਹਾਂ ਪ੍ਰਾਰਥਨਾ ਕਾਰਡਾਂ ਨੂੰ ਬੁਲਾਉਣਾ ਸ਼ੁਰੂ ਕੀਤਾ, ਮੈਂ ਸੋਚਿਆ ਕਿ ਮੈਂ ਸਾਰੇ ਦਸ ਜਾਂ ਬਾਰਾਂ ਬੁਲਾ ਲਵਾਂਗਾ, ਜਾਂ ਉੱਥੇ ਜਿੰਨੇ ਵੀ ਸਨ। ਉਨ੍ਹਾਂ ਨੂੰ ਬੁਲਾਇਆ। ਮੇਰੇ ਕੋਲ ਇੱਕ ਨਿਸ਼ਚਿਤ ਨੰਬਰ ਸੀ, ਕੁਝ, ਅਤੇ ਇਹ ਨਹੀਂ ਆ ਰਿਹਾ ਸੀ। ਅਤੇ ਮੈਂ ਬੁਲਾਇਆ। ਇਹ ਜਵਾਬ ਨਹੀਂ ਦੇ ਰਿਹਾ ਸੀ। ਅਤੇ ਮੈਂ ਇਸ ਬਾਰੇ ਕਦੇ ਨਹੀਂ ਸੋਚਿਆ ਜਦੋਂ ਤੱਕ ਸ਼੍ਰੀਮਤੀ ਵੁੱਡ ਨੇ ਮੈਨੂੰ ਨਹੀਂ ਬੁਲਾਇਆ। ਉਸ ਨੇ ਕਿਹਾ, "ਭਾਈ ਬ੍ਰਨਹਾਮ, ਬਿਲੀ ਉਹਨਾਂ ਕਾਰਡਾਂ ਨੂੰ ਲੈਂਦਾ ਹੈ ਅਤੇ ਉਹਨਾਂ ਨੂੰ ਰਲਾ ਦਿੰਦਾ ਹੈ, ਅਤੇ ਉਹਨਾਂ ਨੂੰ ਬਾਹਰ ਵੰਡ ਦਿੰਦਾ ਹੈ। ਹੋ ਸਕਦਾ ਹੈ ਉਸ ਕੋਲ ਉਹ ਨੰਬਰ ਤਿੰਨ ਸੀ," (ਕੀ ਇਹ ਨਹੀਂ ਸੀ?) "ਨੰਬਰ ਤਿੰਨ ਉਸਦੀ ਜੇਬ ਵਿੱਚ ਸੀ।"

245 ਯਕੀਨਨ, ਉਹ ਆਮ ਤੌਰ ਤੇ ਪੂਰੇ ਪੰਜਾਹ ਵੰਡ ਦਿੰਦਾ ਹੈ। ਜਦੋਂ ਉਹ ਉਨ੍ਹਾਂ ਨੂੰ ਲੋਕਾਂ ਦੇ ਸਾਹਮਣੇ ਲਿਆਉਂਦਾ ਹੈ, ਤਾਂ ਉਹ ਉਨ੍ਹਾਂ ਨੂੰ ਬਸ ਆਪਸ ਵਿੱਚ ਰਲਾ ਦਿੰਦਾ ਹੈ। ਇਸ ਲਈ ਹਰ ਕੋਈ...ਤਾਂ ਜੋ ਕੋਈ ਨਾ ਆਖੇ, "ਮੈਨੂੰ ਪਹਿਲਾ ਨੰਬਰ ਦਿਓ।" ਜਾਂ, ਸ਼ਾਇਦ ਅਸੀਂ ਪਹਿਲੇ ਨੰਬਰ ਤੋਂ ਸ਼ੁਰੂ ਹੀ ਨਾ ਕਰੀਏ। ਅਸੀਂ ਪੰਜਾਹ ਤੋਂ ਸ਼ੁਰੂ ਕਰ ਸਕਦੇ ਹਾਂ, ਤੁਸੀਂ ਨਹੀਂ ਜਾਣਦੇ, ਅਤੇ ਪਿੱਛੇ ਵੱਲ ਆ ਸਕਦੇ ਹਾਂ। ਅਸੀਂ ਅੱਠ ਤੋਂ ਸ਼ੁਰੂ ਕਰ ਸਕਦੇ ਹਾਂ ਅਤੇ ਅੱਗੇ ਵਧ ਸਕਦੇ ਹਾਂ। ਵੀਹ ਤੋਂ ਸ਼ੁਰੂ ਕਰ ਸਕਦੇ ਹਾਂ ਅਤੇ ਅੱਗੇ ਵੱਧ ਸਕਦੇ ਹਾਂ। ਸਾਨੂੰ ਨਹੀਂ ਪਤਾ ਹੁੰਦਾ। ਪਰ ਉਹ ਉਹਨਾਂ ਨੂੰ ਰਲਾ ਦਿੰਦਾ ਹੈ ਅਤੇ ਜਿਵੇਂ ਲੋਕ ਮੰਗਦੇ ਹਨ ਉਹ ਉਹਨਾਂ ਨੂੰ ਦੇ ਦਿੰਦਾ ਹੈ। ਅਤੇ ਮੈਂ, ਅੱਜ ਸਵੇਰੇ ਇਹ ਨਹੀਂ ਸੋਚਿਆ ਸੀ, ਮੈਂ ਸ਼ਾਇਦ ਚਾਰ ਜਾਂ ਪੰਜ ਹੋਰ ਬੁਲਾਏ ਹੋਣਗੇ, ਅਤੇ ਉਹ ਉੱਥੇ ਨਹੀਂ ਹੋਣਗੇ, ਕਿਉਂਕਿ ਇਹ ਕਿਤੇ ਵੀਹ ਜਾਂ ਤੀਹ ਦੇ ਵਿੱਚ ਸਨ, ਤੁਸੀਂ ਸਮਝੇ। ਅਤੇ, ਫਿਰ, ਪਰ ਪ੍ਰਭੂ ਨੇ ਇਸਦਾ ਹੱਲ ਕੀਤਾ, ਪਰ ਇਸ ਕੋਲ ਇਸਦਾ ਅਸਲ ਦਬਾਅ ਨਹੀਂ ਹੈ, ਜਿਵੇਂ ਇਹ ਘਰ ਤੋਂ ਦੂਰ ਹੁੰਦਾ ਹੈ। ਮੈਂ ਸ਼ਾਇਦ ਕਦੇ ਵੀ ਦੁਬਾਰਾ ਇਸਦੀ—ਇਸਦੀ ਕੋਸ਼ਿਸ਼ ਨਾ ਕਰਾਂ।

246 ਪਰ, ਇੱਥੇ ਬਹੁਤ ਸਮਾਂ ਪਹਿਲਾਂ, ਮੈਂ ਪ੍ਰਭੂ ਨੂੰ ਪੁੱਛਿਆ ਕਿ ਕੀ ਉਹ ਸਾਨੂੰ ਇੱਕ ਚੰਗੀ ਸਭਾ ਦੇਵੇਗਾ, ਕਿ ਮੈਂ ਵਾਅਦਾ ਕੀਤਾ ਸੀ ਕਿ ਮੈਂ—ਮੈਂ ਉਸਤੋਂ ਜਿਆਦਾ ਨਹੀਂ ਮੰਗਾਂਗਾ, ਕਿਉਂਕਿ ਇਹ ਇੰਨੀ ਔਖੀ ਚੀਜ਼ ਸੀ। ਅਤੇ ਇਹ ਵਚਨ ਦੇ ਉਲਟ ਹੈ। ਸਮਝੇ? ਅਤੇ ਜੇਕਰ ਤੁਸੀਂ...ਇਹੀ ਉਹ ਹੈ ਜੋ ਮੇਰੇ ਲਈ ਔਖਾ ਬਣਾਉਂਦਾ ਹੈ। ਕਿਉਂਕਿ, ਇਹ ਜਾਣ ਕੇ, ਇਹ ਮੈਨੂੰ ਇੱਕ—ਇੱਕ ਨਾਕਾਮੀ ਦਿੰਦਾ ਹੈ, ਸ਼ੁਰੂ ਤੋਂ ਹੀ। ਸਮਝੇ? ਮੈਂ ਹਾਰ ਜਾਂਦਾ ਹਾਂ, ਸ਼ੁਰੂ ਤੋਂ ਹੀ।

247 ਹਾਲਾਂਕਿ, ਅੱਜ ਦੁਪਹਿਰ ਕਿਸੇ ਨੇ ਕਿਸੇ ਨੂੰ ਫ਼ੋਨ ਕੀਤਾ। ਸ਼੍ਰੀ ਮਤੀ ਵੂੱਡ ਨੂੰ ਕਿਸੇ ਨੇ ਫੋਨ ਕਰ ਰਹੀ ਸੀ। ਅਤੇ ਕਿਹਾ, ਕਿ, "ਅੱਜ ਸਵੇਰੇ ਕਲੀਸਿਯਾ ਵਿੱਚ ਕਿਸੇ ਨੂੰ ਫੋਨ ਕੀਤਾ ਗਿਆ ਸੀ, ਇੱਕ ਆਦਮੀ ਬਾਰੇ ਜੋ ਬਹੁਤ, ਬਹੁਤ ਬਿਮਾਰ ਸੀ, ਜੋ ਅੱਜ ਦੁਪਹਿਰ ਬਾਅਦ, ਮਸੀਹ ਕੋਲ ਆਇਆ।" ਕਿ ਉਹ ਆਦਮੀ ਜੋ ਬਹੁਤ ਬਿਮਾਰ ਸੀ ਮਸੀਹ ਕੋਲ ਆਇਆ।

248 ਅਤੇ ਇੱਕ ਹੋਰ ਗੱਲ, ਸ਼੍ਰੀਮਤੀ ਵੂੱਡ ਨੇ ਮੈਨੂੰ ਦੱਸਿਆ ਕਿ ਮੈਂ ਉਸਦੀ ਭੈਣ, ਇੱਕ ਵੱਡੀ ਭੈਣ ਨਾਲ ਗੱਲ ਕੀਤੀ ਸੀ, ਕਿ ਮੈਂ ਸੱਚਮੁੱਚ ਉਸ ਦਿਨ ਉਸਦੇ ਘਰ ਸੀ ਅਤੇ ਕੰਟਕੀ ਵਿੱਚ, ਉਸਦੇ ਨਾਲ ਰਾਤ ਦਾ ਖਾਣਾ ਖਾਧਾ, ਜਾਂ ਉਸਦੇ ਨਾਲ ਰਾਤ ਦਾ ਖਾਣਾ ਖਾਧਾ। ਅਤੇ ਸਰਬਸ਼ਕਤੀਮਾਨ ਪਰਮੇਸ਼ੁਰ ਜਾਣਦਾ ਹੈ ਕਿ ਮੈਂ ਉਸ ਔਰਤ ਨੂੰ ਨਹੀਂ ਪਛਾਣਿਆ। ਵੇਖਿਆ? ਇਹ ਠੀਕ ਹੈ। ਬਸ...ਦਰਸ਼ਨ ਸੁਤੰਤਰ ਹਨ। ਅਸੀਂ ਕਦੇ ਨਹੀਂ ਜਾਣਦੇ ਕਿ ਉਹ ਕਿਵੇਂ

ਜਾ ਰਹੇ ਹਨ ਜਾਂ ਕੀ ਹੋਣ ਵਾਲਾ ਹੈ। ਇਹ ਪਰਮੇਸ਼ੁਰ ਤੇ ਨਿਰਭਰ ਕਰਦਾ ਹੈ, ਅਤੇ ਕੀ—ਕੀ ਵਾਪਰਦਾ ਹੈ। ਪਰ ਮੈਂ ਜਾਣਦਾ ਸੀ, ਉਹਨਾਂ ਦੀ ਉਡੀਕ ਵਿੱਚ, ਉੱਥੇ ਉਡੀਕ ਕਰ ਰਿਹਾ ਸੀ।

249 ਅਤੇ ਉਸ ਦਿਨ ਜਦੋਂ ਇਹ ਛੋਟੀ ਕੁੜੀ ਇੱਥੇ ਸੀ, ਜਿਸ ਦੇ ਲਈ ਭੇਤ ਜਾਣਨਾ ਸੀ, ਜੋ ਮੈਂ, ਨਹੀਂ...ਦੇਖੋ, ਜੇ ਪਰਮੇਸ਼ੁਰ ਇਸ ਨੂੰ ਸਾਰੀ ਦੁਨੀਆਂ ਨੂੰ ਦੇਵੇ, ਤਾਂ ਇਹ ਠੀਕ ਰਹੇਗਾ; ਪਰ ਜੇ ਇਹ ਸੀ, ਤਾਂ ਇਹ ਉਸ ਦੇ ਉਲਟ ਸੀ ਜੋ ਉਸਨੇ ਮੈਨੂੰ ਇੱਥੇ ਗਲੀ ਦੇ ਪਾਰ ਕਿਹਾ ਸੀ, ਤੁਸੀਂ ਦੇਖੋ, ਕੁਝ ਸਾਲ ਪਹਿਲਾਂ। ਅਤੇ ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਸੀ ਕਿ ਇਹ ਸਹੀ ਸੀ, ਅਤੇ ਕਲੀਸਿਯਾ ਨੂੰ, ਇੱਥੇ ਹੋਣ ਕਰਕੇ, ਇਸਨੂੰ ਦੇਖਣ ਦੇਈਏ। ਅਤੇ ਇਸ ਲਈ ਮੈਂ ਉਸ ਸ਼੍ਰੀਮਤੀ ਸਨਾਈਡਰ ਨੂੰ ਫੋਨ ਕੀਤਾ। ਭੈਣ ਸਨਾਈਡਰ। ਉਹ ਇੱਥੇ ਕਿਤੇ ਹੈ। ਉਹ ਬਸਸ ਇੱਕ ਛੋਟੀ ਜਿਹੀ ਔਰਤ ਹੈ ਜੋ ਬਹੁਤ ਹੋਲੀ ਬੋਲਦੀ ਹੈ। ਅਤੇ ਛੋਟੀ ਔਰਤ ਨੇ ਇਸਨੂੰ ਨੀਵੀਂ ਅਵਾਜ ਵਿੱਚ ਬੋਲਿਆ, ਅਤੇ ਕਿਹਾ, "ਤੁਹਾਨੂੰ ਗਠੀਏ ਦੀ ਬਿਮਾਰੀ ਹੈ," ਜਾਂ ਗਠੀਆ, ਅਜਿਹਾ ਕੁਝ।

250 ਜੋ, ਮੈਨੂੰ ਪਤਾ ਸੀ ਕਿ ਇਹ ਇੱਕ ਟੁੱਟੀ ਹੋਈ ਕਮਰ ਸੀ। ਅਤੇ ਇਸ ਤਰ੍ਹਾਂ, ਅਤੇ ਫਿਰ ਪਵਿੱਤਰ ਆਤਮਾ ਇਸ ਨੂੰ ਸਵੇਰੇ ਲਿਆਇਆ। ਸਮਝੇ?

251 ਹੁਣ, ਇਹ ਕੀ ਹੈ, ਇਹ ਇੱਕ ਰੱਬੀ ਦਾਤ ਹੈ, ਅਤੇ ਇਹ ਆਪਣੀ ਸੁਤੰਤਰਤਾ ਨਾਲ ਕੰਮ ਕਰਦਾ ਹੈ। ਪਰ ਇੱਥੇ ਸ਼ਹਿਰ ਵਿੱਚ ਕਿਹੜੀ ਚੀਜ਼ ਇਸ ਨੂੰ ਮੁਸ਼ਕਿਲ ਬਣਾਉਂਦੀ ਹੈ, ਇਮਾਨਦਾਰੀ ਨਾਲ, ਮੈਂ—ਮੈਂ ਹਰ ਸਮੇਂ ਇੱਥੇ ਬਿਮਾਰਾਂ ਲਈ ਪ੍ਰਾਰਥਨਾ ਕਰਨ ਵਿੱਚ ਉਲਝਿਆ ਰਹਿੰਦਾ ਹਾਂ। ਜਾਂ—ਜਾਂ... ਮੈਂ ਜਾਵਾਂਗਾ, ਲੋਕਾਂ ਨੂੰ ਇਹ ਦੱਸਾਂਗਾ। ਮੈਂ ਜਾਵਾਂਗਾ, ਕਹਾਂਗਾ, "ਹੁਣ ਯਹੋਵਾਹ ਨੇ ਤੁਹਾਨੂੰ ਚੰਗਾ ਕੀਤਾ ਹੈ। ਯਿਸੂ ਨੇ ਤੁਹਾਨੂੰ ਚੰਗਾ ਕੀਤਾ ਜਦੋਂ ਉਹ ਤੁਹਾਡੇ ਲਈ ਮਰਿਆ, ਉਨੀ ਸੌ ਸਾਲ ਪਹਿਲਾਂ। ਉਥੇ ਹੀ ਤੁਸੀਂ ਠੀਕ ਹੋ ਗਏ ਸੀ। ਹੁਣ, ਜਿੱਥੋਂ ਤੱਕ ਪਰਮੇਸ਼ਵਰ ਦਾ ਸਬੰਧ ਹੈ, ਜਿੱਥੋਂ ਤੱਕ ਮਸੀਹ ਦਾ ਸਬੰਧ ਹੈ, ਤੁਸੀਂ ਉਨੀ ਸੌ ਸਾਲ ਪਹਿਲਾਂ ਠੀਕ ਹੋ ਗਏ ਸੀ। ਤੁਹਾਡੀ ਬਿਮਾਰੀ ਦੂਰ ਹੋ ਗਈ ਸੀ। ਇਸ ਨੂੰ ਕਰਨ ਲਈ ਤੁਹਾਡੇ ਵਿਸ਼ਵਾਸ ਦੀ ਲੋੜ ਹੈ।"

252 ਅਤੇ ਫਿਰ ਉਹ ਵਿਅਕਤੀ ਘੁੰਮ ਸਕਦਾ ਹੈ ਅਤੇ ਠੀਕ ਨਹੀਂ ਹੋ ਸਕਦਾ। ਫਿਰ ਬੰਦਾ ਆ ਕੇ ਕਹਿੰਦਾ ਹੈ, "ਭਾਈ ਬ੍ਰਨਹਾਮ ਨੇ ਮੈਨੂੰ ਦੱਸਿਆ ਕਿ ਮੈਂ ਠੀਕ ਸੀ।" ਸਮਝੇ? ਮੈਂ ਤੁਹਾਨੂੰ ਦੱਸ ਉਹੀ ਦੱਸ ਰਿਹਾ ਹਾਂ ਜੋ ਪਰਮੇਸ਼ੁਰ ਨੇ ਕਿਹਾ ਹੈ।

253 ਹੁਣ, ਜਦੋਂ ਇਹ ਕਿਸੇ ਵਿਅਕਤੀ ਨਾਲ ਸਿੱਧੇ ਤੌਰ ਤੇ ਗੱਲ ਕਰਦਾ ਹੈ, ਸਿੱਧੇ, "ਇਹ ਤਾਂ **ਯਹੋਵਾਹ ਇੰਞ ਫ਼ਰਮਾਉਂਦਾ ਹੈ**," ਕਿਸੇ ਖਾਸ ਚੀਜ਼ ਬਾਰੇ ਜੋ

ਹੋਣ ਵਾਲੀ ਹੈ। ਇਹ ਤੁਹਾਨੂੰ ਉੱਥੇ ਹੀ ਸਾਬਤ ਕਰੇਗਾ ਕਿ ਤੁਹਾਡੀ ਚੰਗਾਈ ਪਹਿਲਾਂ ਹੀ ਕਰ ਦਿੱਤੀ ਗਈ ਹੈ। ਤੁਹਾਡੇ ਵਿਸ਼ਵਾਸ ਨੇ ਇਸ ਤੇ ਮੋਹਰ ਲਗਾ ਦਿੱਤੀ ਹੈ। ਸਮਝੇ? ਵਾਅਦਾ ਤੁਹਾਡਾ ਹੈ। ਇਹ ਮੇਰਾ ਬਚਨ ਨਹੀਂ ਹੈ। ਇਹ ਪਰਮੇਸ਼ੁਰ ਦਾ ਬਚਨ ਹੈ, ਕਿ ਤੁਸੀਂ ਪਹਿਲਾਂ ਹੀ ਚੰਗੇ ਹੋ ਗਏ ਹੋ। ਸਮਝੇ? ਪਰ ਤੁਸੀਂ ਬਸ…ਕਿਸੇ ਹੋਰ ਤਰ੍ਹਾਂ, ਮੈਂ—ਮੈਂ ਇਸਨੂੰ ਇੱਥੇ ਜੇਫਰਸਨਵਿਲ ਦੇ ਲੋਕਾਂ ਨੂੰ, ਨਹੀਂ ਸਮਝ ਸਕਦਾ। ਮੈਂ—ਮੈਂ ਇਸ ਨੂੰ ਨਹੀਂ ਕਰ ਸਕਦਾ। ਮੈਨੂੰ ਪਤਾ ਹੈ। ਮੈਂ ਇਸ ਨੂੰ ਉਨੀ ਹੀ ਚੰਗੀ ਤਰ੍ਹਾਂ ਸਮਝਾਉਣ ਦੀ ਕੋਸ਼ਿਸ਼ ਕਰਾਂਗਾ ਜਿੰਨੀ ਮੈਂ ਕਰ ਸਕਦਾ ਹਾਂ, ਅਤੇ ਇਹ ਬੱਸ—ਇਹ ਬੱਸ ਨਹੀਂ ਹੋਵੇਗਾ। ਇਹੀ ਸਭ ਹੈ। ਮੈਂ ਕਹਿੰਦਾ ਹਾਂ…

254 ਇੱਥੇ, ਜਿਆਦਾ ਚਿਰ ਨਹੀਂ ਹੋਇਆ, ਮੈਂ ਇੱਕ ਘਰ ਵਿੱਚ, ਇੱਕ ਆਦਮੀ ਕੋਲ ਗਿਆ, ਅਤੇ ਉਹ ਆਦਮੀ ਮਰ ਰਿਹਾ ਸੀ। ਅਤੇ ਉਨ੍ਹਾਂ ਨੇ ਮੈਨੂੰ ਬੁਲਾਇਆ, “ਆਓ, ਉਸ ਲਈ ਪ੍ਰਾਰਥਨਾ ਕਰੋ। ਡਾਕਟਰ ਨੇ ਕਿਹਾ ਕਿ ਉਹ ਸਵੇਰ ਤੱਕ ਜਿਉਂਦਾ ਨਹੀਂ ਰਹੇਗਾ।”

255 ਮੈਂ ਅੰਦਰ ਗਿਆ। ਅਤੇ ਨੌਜਵਾਨ ਨੇ ਮੈਨੂੰ ਕਿਹਾ, “ਮਿਸਟਰ ਬ੍ਰਨਹਾਮ, ਮੈਂ ਮਰਨਾ ਨਹੀਂ ਚਾਹੁੰਦਾ।” ਕਿਉਂ, ਯਕੀਨਨ ਨੌਜਵਾਨ ਸਾਥੀ ਮਰਨਾ ਨਹੀਂ ਚਾਹੁੰਦਾ ਸੀ। ਉੱਥੇ ਉਸ ਦਾ ਦੋ ਬੱਚਿਆਂ ਦਾ ਪਰਿਵਾਰ ਸੀ।

256 ਖੈਰ, ਮੈਂ ਹੇਠਾਂ ਝੁਕਿਆ। ਮੈਂ ਕਿਹਾ, “ਹੁਣ ਦੇਖੋ, ਤੁਹਾਡਾ ਡਾਕਟਰ ਕੌਣ ਹੈ?” ਉਸ ਨੇ ਮੈਨੂੰ ਦੱਸਿਆ। ਮੈਂ ਕਿਹਾ, “ਹੁਣ, ਡਾਕਟਰ ਨੇ ਕਿਹਾ ਹੋਵੇਗਾ ਕਿ ਤੁਸੀਂ—ਤੁਸੀਂ ਮਰਨ ਵਾਲੇ ਸੀ, ਪਰ ਪਰਮੇਸ਼ੁਰ ਨੇ ਅਜੇ ਤੱਕ ਇਹ ਨਹੀਂ ਕਿਹਾ ਕਿ ਤੁਸੀਂ ਮਰ ਜਾਓਗੇ।” ਮੈਂ ਕਿਹਾ, “ਹੁਣ, ਬਾਈਬਲ ਦੇ ਅਨੁਸਾਰ, ਤੁਸੀਂ ਪਹਿਲਾਂ ਹੀ ਚੰਗੇ ਹੋ ਗਏ ਹੋ, ਕਿਉਂਕਿ ਯਿਸੂ ਤੁਹਾਡੀ ਚੰਗਾਈ ਲਈ ਮਰਿਆ ਸੀ।”

257 ਉਸ ਨੇ ਕਿਹਾ, “ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਮੈਂ ਠੀਕ ਹੋ ਜਾਵਾਂਗਾ?”

258 ਮੈਂ ਕਿਹਾ, “ਮੈਨੂੰ ਇਸ ਤੇ ਪੂਰਾ ਵਿਸ਼ਵਾਸ ਹੈ।”

259 ਖੈਰ, ਜੇ ਮੈਂ ਇੱਕ ਆਦਮੀ ਲਈ ਪ੍ਰਾਰਥਨਾ ਕਰਨ ਗਿਆ, ਅਤੇ ਉਸ ਲਈ ਵਿਸ਼ਵਾਸ ਕਰਨ ਲਈ, ਉਸ ਕਿਸਮ ਦੇ ਵਿਸ਼ਵਾਸ ਦੀ ਵਰਤੋਂ ਨਾ ਕਰਦਾ; ਜੇ ਮੈਂ ਜਾਵਾਂ, “ਔਹ, ਨਹੀਂ, ਨਹੀਂ, ਜੇ ਡਾਕਟਰ ਨੇ ਕਿਹਾ ਕਿ ਤੁਸੀਂ ਮਰਨ ਵਾਲੇ ਹੋ, ਤਾਂ ਤੁਸੀਂ ਮਰ ਜਾਓਗੇ। ਇਹੀ ਸਭ ਹੈ।” ਹੁਣ, ਕੀ ਉਹ ਕੋਈ ਬਿਮਾਰਾਂ ਲਈ ਪ੍ਰਾਰਥਨਾ ਕਰਨ ਲਈ ਵਿਅਕਤੀ ਹੋਵੇਗਾ? ਮੈਂ ਨਹੀਂ ਚਾਹਾਂਗਾ ਕਿ ਮੇਰੇ ਲਈ ਪ੍ਰਾਰਥਨਾ ਕਰ ਲਈ, ਅਜਿਹਾ ਵਿਅਕਤੀ ਮੇਰੇ ਘਰ ਵਿੱਚ ਆਵੇ। ਮੈਂ

ਕਿਸੇ ਨੂੰ ਚਾਹੁੰਦਾ ਹਾਂ ਜੋ, ਭਾਵੇਂ ਉਹ ਇਸ ਨੂੰ ਨਾ ਦੇਖੇ, ਜਾਂ ਨਹੀਂ, ਉਹ ਵਿਸ਼ਵਾਸ ਕਰੇਗਾ ਅਤੇ ਮੇਰੇ ਲਈ ਵਾਅਦੇ ਤੇ ਖੜ੍ਹਾ ਹੋਵੇਗਾ। ਇਹ ਠੀਕ ਹੈ। ਅਤੇ ਮੈਂ ਕਿਹਾ...ਉਹ...

260 ਅਸੀਂ ਜਾ ਕੇ ਪ੍ਰਾਰਥਨਾ ਕੀਤੀ। ਮੈਂ ਕਿਹਾ, "ਹੁਣ ਹੌਂਸਲਾ ਰੱਖੋ।"

261 ਉਸ ਨੇ ਕਿਹਾ, "ਕੀ ਤੁਹਾਡਾ ਮਤਲਬ ਹੈ ਕਿ ਮੈਂ ਠੀਕ ਹੋ ਜਾਵਾਂਗਾ?"

262 ਮੈਂ ਕਿਹਾ, "ਕਿਉਂ, ਯਕੀਨਨ। ਪਰਮੇਸ਼ੁਰ ਦੇ ਬਚਨ ਨੇ ਕਿਹਾ ਕਿ ਤੁਸੀਂ ਠੀਕ ਹੋ ਜਾਵੋਗੇ। ਦੇਖੋ, 'ਜੇ ਤੁਸੀਂ ਵਿਸ਼ਵਾਸ ਕਰ ਸਕਦੇ ਹੋ, ਤਾਂ ਸਭ ਕੁਝ ਸੰਭਵ ਹੈ।'"

263 ਉਸ ਨੇ ਕਿਹਾ, "ਠੀਕ ਹੈ, ਮੈਂ ਇਸ ਤੇ ਵਿਸ਼ਵਾਸ ਕਰਾਂਗਾ।" ਅਤੇ ਬਾਹਰ ਗਿਆ ਅਤੇ ਆਪਣੀ ਪਤਨੀ ਨੂੰ ਕਿਹਾ ਕਿ...

264 "ਆਦਮੀ ਮਰ ਰਿਹਾ ਹੈ, ਹੈ ਨਾ?"

265 "ਹਾਂ, ਉਹ ਮਰ ਰਿਹਾ ਹੈ।" ਅਤੇ ਇਸ ਤਰ੍ਹਾਂ ਅਗਲੇ ਦਿਨ, ਜਾਂ ਉਸ ਤੋਂ ਕੁਝ ਦਿਨ ਬਾਅਦ, ਆਦਮੀ ਦੀ ਮੌਤ ਹੋ ਗਈ।

266 ਫਿਰ ਇਹ ਔਰਤ ਬਾਹਰ ਜਾਂਦੀ ਹੈ ਅਤੇ ਸ਼ਰਾਬ ਪੀਣੀ ਸ਼ੁਰੂ ਕਰ ਦਿੰਦੀ ਹੈ। ਅਤੇ ਡੀਕਨਾਂ ਵਿੱਚੋਂ ਇੱਕ, ਮੇਰਾ ਮੰਨਣਾ ਹੈ ਕਿ, ਉਹ ਇਸੇ ਕਲੀਸਿਯਾ ਦਾ ਸੀ, ਔਰਤ ਕੋਲ ਗਿਆ ਅਤੇ ਉਸ ਨੂੰ ਪੁੱਛਿਆ ਕਿ ਕੀ ਉਹ ਮੁੜੇਗੀ ਅਤੇ ਅਤੇ ਕਲੀਸਿਯਾ ਵਿੱਚ ਵਾਪਸ ਆਵੇਗੀ। ਉਸ ਨੇ ਕਿਹਾ, "ਮੈਂ ਕਿਸੇ ਤੇ ਵਿਸ਼ਵਾਸ ਨਹੀਂ ਕਰਾਂਗੀ। ਪ੍ਰਚਾਰਕ ਬ੍ਰਾਨਹਮ ਇੱਥੇ ਆਏ ਸਨ ਅਤੇ ਮੇਰੇ ਪਤੀ ਲਈ ਪ੍ਰਾਰਥਨਾ ਕੀਤੀ, ਉਸ ਨੇ ਕਿਹਾ ਕਿ ਉਹ ਜਿਉਂਦਾ ਰਹੇਗਾ, ਅਤੇ ਦੋ ਜਾਂ ਤਿੰਨ ਦਿਨਾਂ ਬਾਅਦ ਉਸਦੀ ਮੌਤ ਹੋ ਗਈ। ਇਸ ਲਈ, ਮੈਂ ਵਿਸ਼ਵਾਸ ਨਹੀਂ ਕਰਾਂਗੀ।" ਹੁਣ *ਉਹ* ਮਰ ਰਹੀ ਹੈ। ਠੀਕ ਹੈ।

267 ਪਰ, ਫਿਰ ਵੀ, ਤੁਸੀਂ ਦੇਖਦੇ ਹੋ, ਇਹ ਸਿਰਫ਼ ਇਹ ਦਿਖਾਉਂਦਾ ਹੈ ਕਿ ਲੋਕ ਤੁਹਾਡੀਆਂ ਗੱਲਾਂ ਵੱਲ ਧਿਆਨ ਨਹੀਂ ਦਿੰਦੇ ਹਨ। ਸਮਝੇ? ਯਕੀਨਨ। ਜੇ ਮੈਂ ਕਿਸੇ ਵਿਅਕਤੀ ਲਈ ਪ੍ਰਾਰਥਨਾ ਕੀਤੀ, ਅਤੇ ਮੈਂ—ਮੈਂ ਉਨ੍ਹਾਂ ਲੋਕਾਂ ਨੂੰ ਦੱਸਦਾ ਹਾਂ ਕਿ ਉਹ ਜਿਉਂਦੇ ਰਹਿਣਗੇ। ਮੈਂ ਵਿਸ਼ਵਾਸ ਕਰਦਾ ਹਾਂ ਕਿ ਉਹ ਜਿਉਂਦੇ ਰਹਿਣਗੇ। ਪਰ, ਕੋਈ ਫ਼ਰਕ ਨਹੀਂ ਪੈਂਦਾ, ਭਾਵੇਂ ਮੇਰਾ ਵਾਕ **ਯਹੋਵਾਹ ਇੰਝ ਫ਼ਰਮਾਉਂਦਾ ਹੈ** ਵੀ ਹੋਵੇ, ਅਤੇ ਤੁਸੀਂ ਇਸ ਤੇ ਵਿਸ਼ਵਾਸ ਨਾ ਕਰੋ, ਤਾਂ ਤੁਸੀਂ ਮਰ ਜਾਓਗੇ, ਕਿਸੇ ਵੀ ਤਰ੍ਹਾਂ। ਯਕੀਨਨ। *ਇੱਥੇ* **ਯਹੋਵਾਹ ਇੰਝ ਫ਼ਰਮਾਉਂਦਾ ਹੈ**, ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਇਸ ਨੂੰ ਸਵੀਕਾਰ ਕਰਦੇ ਹਨ ਅਤੇ ਮਰ ਜਾਂਦੇ ਹਨ। ਉਨ੍ਹਾਂ ਵਿੱਚੋਂ ਬਹੁਤ ਸਾਰੇ ਨਰਕ ਵਿੱਚ ਚਲੇ ਜਾਂਦੇ ਹਨ,

ਜਦੋਂ, **ਯਹੋਵਾਹ ਇੰਝ ਫ਼ਰਮਾਉਂਦਾ ਹੈ** ਕਿ, “ਤੁਸੀਂ ਨਹੀਂ ਜਾਵੋਗੇ।” ਕੀ ਇਹ ਸਹੀ ਹੈ? ਯਕੀਨਨ। ਸਮਝੇ? ਇਹ ਕੀ ਹੈ...ਇਹ ਸਭ ਤੁਹਾਡੇ ਵਿਸ਼ਵਾਸ ਤੇ ਅਧਾਰਤ ਹੈ।

268 ਭਾਈ ਕੋਲਿਨਜ਼, ਮੈਨੂੰ ਨਹੀਂ ਲੱਗਦਾ ਕਿ ਉਹ ਅੱਜ ਰਾਤ ਇੱਥੇ ਹੈ। ਪਰ ਅੱਜ ਸਵੇਰੇ ਉਸ ਨੂੰ ਸੁਣਦਿਆਂ, ਉਸ ਨੇ ਸਭ ਤੋਂ ਵੱਧ ਬਹਾਦਰੀ ਭਰਿਆ ਭਾਸ਼ਣ ਦਿੱਤਾ। ਵੇਖਿਆ? ਵੇਖਿਆ? ਉਸ ਨੇ ਦਿੱਤਾ। ਉਸ ਨੇ ਕਿਹਾ, “ਹੁਣ, ਉਹੀ ਵਿਸ਼ਵਾਸ ਜੋ ਤੁਸੀਂ ਇੱਥੇ ਰੱਖਦੇ ਹੋ, ਉਹੀ ਤੁਹਾਡੇ ਕੋਲ ਉੱਥੇ ਵੀ ਹੋਵੇਗਾ। ਕਿਉਂਕਿ, ਇਹ ਤੁਹਾਡਾ ਵਿਅਕਤੀਗਤ ਵਿਸ਼ਵਾਸ ਹੈ, ਤੁਹਾਡੇ ਸੰਪਰਦਾ ਵਿੱਚ ਨਹੀਂ, ਪਰ ਮਸੀਹ ਵਿੱਚ। ਤੁਹਾਨੂੰ ਇਹ ਵਿਸ਼ਵਾਸ ਹੋਣਾ ਚਾਹੀਦਾ ਹੈ।” ਇਹ ਬਿਲਕੁਲ ਸਹੀ ਹੈ। ਬਿਲਕੁਲ।

269 ਅਤੇ ਰੱਬੀ ਚੰਗਾਈ ਤੁਹਾਡੇ ਵਿਸ਼ਵਾਸ ਤੇ ਅਧਾਰਤ ਹੈ। ਪਰ ਪਰਮੇਸ਼ੁਰ ਦੇ ਬਚਨ ਦੇ ਅਨੁਸਾਰ, **ਯਹੋਵਾਹ ਇੰਝ ਫ਼ਰਮਾਉਂਦਾ ਹੈ**, ਕਿ ਜਦੋਂ ਯਿਸੂ ਕਲਵਰੀ ਤੇ ਮਰਿਆ ਤਾਂ ਹਰ ਵਿਅਕਤੀ ਨੂੰ ਚੰਗਾ ਕੀਤਾ ਗਿਆ ਸੀ, “ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ, ਉਸ ਦੇ ਕੋਰੜੇ ਖਾਣ ਤੋਂ ਅਸੀਂ ਨਰੋਏ ਕੀਤੇ *ਗਏ*।” ਇਹ ਸਹੀ ਹੈ? ਅਸੀਂ ਹੋ ਗਏ *ਸੀ।* ਬਾਈਬਲ ਨੇ ਕਿਹਾ, “ਤੁਸੀਂ ਨਰੋਏ ਕੀਤੇ ਗਏ।” ਇਸ ਲਈ ਮੇਰੇ ਵਿੱਚ ਦੋਸ਼ ਨਾ ਲੱਭੋ, ਮੈਂ ਕੇਵਲ ਵਚਨ ਦਾ ਪ੍ਰਚਾਰਕ ਹਾਂ। ਤੁਸੀਂ ਜਾ ਕੇ ਪਰਮੇਸ਼ੁਰ ਨੂੰ ਦੱਸੋ ਕਿ ਉਸ ਨੇ ਕੁਝ ਗਲਤ ਦੱਸਿਆ ਹੈ, ਅਤੇ ਤਦ ਪਰਮੇਸ਼ੁਰ ਤੁਹਾਨੂੰ ਦੱਸੇਗਾ ਕਿ ਤੁਹਾਡੀ ਕਮਜ਼ੋਰੀ ਕਿੱਥੇ ਹੈ। ਸਮਝੇ? ਇਸ ਲਈ, ਇਹ ਤੁਹਾਡਾ ਵਿਸ਼ਵਾਸ ਹੈ। ਯਿਸੂ ਨੇ ਕਿਹਾ, “ਜੇਕਰ ਤੁਸੀਂ ਵਿਸ਼ਵਾਸ ਕਰ ਸਕਦੇ ਹੋ। ਜੇਕਰ ਤੁਸੀਂ ਵਿਸ਼ਵਾਸ ਕਰ ਸਕਦੇ ਹੋ।”

270 ਹੁਣ, ਜਦੋਂ ਤੁਸੀਂ ਸੁਣਦੇ ਹੋ ਕਿ ਪਵਿੱਤਰ ਆਤਮਾ ਨੇ ਤੁਹਾਡੀ ਨਿਹਚਾ ਨੂੰ ਪੱਕਿਆਂ ਕੀਤਾ ਹੈ ਅਤੇ ਇਸਨੂੰ ਮਜ਼ਬੂਤ ਕੀਤਾ ਹੈ, ਅਤੇ ਕਿਹਾ ਹੈ, “**ਯਹੋਵਾਹ ਇੰਝ ਫ਼ਰਮਾਉਂਦਾ ਹੈ**, ‘ਕੱਲ੍ਹ ਇਸ *ਨਿਸ਼ਚਿਤ* ਸਮੇਂ ਤੇ, ਤੁਹਾਡੇ ਕੋਲ ਇੱਕ *ਨਿਸ਼ਚਿਤ* ਚੀਜ਼ ਹੋਵੇਗੀ। *ਨਿਸ਼ਚਿਤ* ਗੱਲ ਹੋਵੇਗੀ। ਇਹ ਇੱਥੇ ਇੱਕ *ਨਿਸਚਿਤ* ਤਰੀਕੇ ਨਾਲ ਹੋਵੇਗਾ, ਅਤੇ ਤੁਸੀਂ ਇੱਥੇ ਇੱਕ *ਨਿਸ਼ਚਿਤ* ਚੀਜ਼ ਨੂੰ ਮਿਲੋਗੇ। ਇਹ ਤੁਹਾਡੇ ਲਈ ਇੱਕ ਨਿਸ਼ਾਨੀ ਹੋਵੇਗੀ।’” ਹੁਣ, ਤੁਸੀਂ ਇਸ ਨੂੰ ਦੇਖੋ। ਇਹ ਇੱਕ ਮੁਕੰਮਲ ਕੰਮ ਹੈ, ਬਿਲਕੁੱਲ ਇੱਥੇ।

271 ਪਰ ਜਦੋਂ ਰੱਬੀ ਚੰਗਾਈ ਦੀ ਗੱਲ ਆਉਂਦੀ ਹੈ, ਮੈਨੂੰ ਰੱਬੀ ਚੰਗਾਈ ਨੂੰ ਵੀ ਉਸੇ ਆਧਾਰ ਤੇ ਰੱਖਣਾ ਹੈ, ਉਸੇ ਤਰੀਕੇ ਅਨੁਸਾਰ, ਜਿਵੇਂ ਮੁਕਤੀ। ਤੁਹਾਡੇ ਵਿੱਚੋਂ ਹਰ ਇੱਕ, ਭਾਵੇਂ ਤੁਸੀਂ ਜੋ ਵੀ ਕੀਤਾ ਹੋਵੇ, ਤੁਸੀਂ ਯਿਸੂ ਦੀ ਮੌਤ ਤੋਂ ਬਾਅਦ ਬਚਾਏ ਗਏ ਹੋ, ਕਿਉਂਕਿ ਉਹ ਸੰਸਾਰ ਦੇ ਪਾਪਾਂ ਨੂੰ ਦੂਰ ਕਰਨ ਲਈ

ਮਰਿਆ ਸੀ। ਪਰ ਇਹ ਤੁਹਾਡਾ ਕਦੇ ਵੀ ਭਲਾ ਨਹੀਂ ਕਰੇਗਾ ਜਦੋਂ ਤੱਕ ਤੁਸੀਂ ਇਸਨੂੰ ਨਿੱਜੀ ਤੌਰ ਤੇ ਸਵੀਕਾਰ ਨਹੀਂ ਕਰਦੇ ਅਤੇ ਇਸਦਾ ਅਨੁਭਵ ਨਹੀਂ ਕਰਦੇ। ਪਰ ਜਿੱਥੋਂ ਤੱਕ ਤੁਹਾਡੇ ਪਾਪਾਂ ਦੀ ਗੱਲ ਹੈ, ਉਹ ਪਹਿਲਾਂ ਹੀ ਮਾਫ਼ ਹੋ ਚੁੱਕੇ ਹਨ। ਇਹ ਠੀਕ ਹੈ। ਉਹ…"ਪਰਮੇਸ਼ੁਰ ਦੇ ਲੇਲੇ ਨੂੰ ਦੇਖੋ ਜੋ ਜਗਤ ਦੇ ਪਾਪਾਂ ਨੂੰ ਦੂਰ ਕਰਦਾ ਹੈ।" ਸਮਝੇ? ਉਥੇ ਤੁਸੀਂ ਹੋ। ਹੁਣ ਇਹ ਨੂੰ ਯਾਦ ਰੱਖੋ।

272 ਹੁਣ, ਮੈਂ ਜਾਣਦਾ ਹਾਂ ਕਿ ਲਿੱਖਤਾਂ ਦੀ, ਸਿੱਖਿਆ ਵਿੱਚ, ਅਸੀਂ ਇੱਕ ਮਿਸ਼ਰਤ ਕਲੀਸਿਯਾ ਹਾਂ। ਅਤੇ ਕਈ ਵਾਰ, ਇਬਰਾਨੀਆਂ ਦੀ ਇਸ ਕਿਤਾਬ ਵਿੱਚ, ਜੋ ਇੱਕ ਡੂੰਘੀ ਕਿਤਾਬ ਹੈ…ਮੈਨੂੰ ਇਸ ਨੂੰ ਕੁਝ ਸਮੇਂ ਲਈ ਛੱਡਣਾ ਪਏਗਾ। ਮੈਂ ਅੱਜ ਰਾਤ ਉਸ 7ਵੇਂ ਅਧਿਆਇ ਦੇ ਆਖਰੀ ਭਾਗ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨ ਜਾ ਰਿਹਾ ਹਾਂ।

273 ਅਤੇ ਹੁਣ ਤੁਹਾਡੇ ਮਨ ਵਿੱਚ ਬਹੁਤ ਸਾਰੇ ਸਵਾਲ ਹਨ, ਕੋਈ ਸ਼ੱਕ ਨਹੀਂ। ਤੁਹਾਡੇ ਵਿੱਚੋਂ ਬਹੁਤ ਸਾਰਿਆਂ ਕੋਲ ਸਵਾਲ ਹਨ, ਅਤੇ ਮੇਰੇ ਕੋਲ, ਵੀ ਹਨ। ਹੁਣ, ਅਗਲੀ ਵਾਰ, ਜੇ ਪ੍ਰਭੂ ਦੀ ਇੱਛਾ ਹੋਵੇਗੀ, ਜਦੋਂ ਮੈਂ ਆਵਾਂਗਾ…

274 ਮੈਂ ਹੁਣ ਮਿਸ਼ੀਗਨ ਜਾ ਰਿਹਾ ਹਾਂ। ਅਤੇ ਫਿਰ, ਮਿਸ਼ੀਗਨ ਤੋਂ, ਮੈਂ ਕੋਲੋਰਾਡੋ ਜਾ ਰਿਹਾ ਹਾਂ। ਅਤੇ ਕੋਲੋਰਾਡੋ ਤੋਂ, ਪੱਛਮੀ ਤੱਟ ਨੂੰ। ਹੁਣ—ਹੁਣ, ਜਦੋਂ ਅਸੀਂ ਅੰਦਰ ਜਾਂਦੇ ਹਾਂ, ਜੇ ਪ੍ਰਭੂ ਦੀ ਇੱਛਾ ਹੋਵੇਗੀ…ਹੁਣ, ਮੈਨੂੰ ਨਹੀਂ ਪਤਾ। ਜੇਕਰ ਮੈਂ ਐਤਵਾਰ ਨੂੰ, ਸ਼ਿਕਾਗੋ ਵਿੱਚ ਨਹੀਂ ਹਾਂ, ਤਾਂ ਮੈਂ ਆਉਣ ਵਾਲੇ ਐਤਵਾਰ ਦੀ ਰਾਤ ਲਈ ਇੱਥੇ ਵਾਪਸ ਆ ਸਕਦਾ ਹਾਂ।

275 ਹੁਣ ਅਸੀਂ ਆਪਣੇ ਪਾਸਟਰ ਨੂੰ ਲਗਭਗ ਛੇ ਹਫ਼ਤਿਆਂ ਲਈ ਪੁਲਪਿਟ ਤੋਂ ਬਾਹਰ ਰੱਖਿਆ ਹੈ, ਇਹਨਾਂ—ਇਹਨਾਂ—ਇਹਨਾਂ ਸਾਰੀਆਂ, ਇੱਥੇ ਕਿਤਾਬ ਦੌਰਾਨ। ਸਮਝੇ? ਹੁਣ ਅਸੀਂ…ਮੈਨੂੰ ਅਜਿਹਾ ਕਰਨਾ ਪਸੰਦ ਨਹੀਂ ਹੈ। ਭਾਈ ਨੇਵਿਲ ਇੱਕ ਪਿਆਰਾ, ਮਿੱਠਾ, ਦਿਆਲੂ ਭਾਈ ਹੈ। ਅਤੇ ਮੈਨੂੰ ਯਕੀਨ ਹੈ ਕਿ ਇਹ ਕਲੀਸਿਯਾ ਭਾਈ ਨੇਵਿਲ ਨੂੰ ਪਿਆਰ ਕਰਦੀ ਹੈ।

276 ਵੈਸੇ, ਜਦੋਂ ਮੈਂ ਬੋਲ ਰਿਹਾ ਹਾਂ, ਕੋਈ, ਇਸ ਦੇਸ਼ ਦੇ ਆਲੇ-ਦੁਆਲੇ ਕਿਤੇ, ਕੁਝ ਕਾਰਡ ਲਿਖਣ ਦਾ ਦੋਸ਼ੀ ਹੈ, ਭਾਈ ਨੇਵਿਲ ਨੂੰ ਇਸ ਪੁਲਪਿਟ ਤੋਂ ਬਾਹਰ ਕੱਢਣ ਲਈ। ਤੁਹਾਨੂੰ ਮੇਰੇ ਨਾਲ ਇਸਦਾ ਨਿਪਟਾਰਾ ਕਰਨਾ ਪਏਗਾ। ਊਂ-ਹੂੰ। ਇਹ ਠੀਕ ਹੈ। ਊਂ-ਹੂੰ। ਹਾਂ, ਸੱਚਮੁੱਚ। ਹੁਣ, ਮੈਂ ਚਾਹੁੰਦਾ ਹਾਂ ਕਿ ਤੁਸੀਂ…ਡੀਕਣ ਬਾਰੇ ਕਿਹਾ-…ਡੀਕਨ ਬੋਰਡ ਬਾਰੇ ਕੁਝ। ਡੀਕਣ ਬੋਰਡ ਦਾ ਉਸ ਪਾਸਟਰ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਨਹੀਂ, ਸ਼੍ਰੀ ਮਾਨ। ਕਲੀਸਿਯਾ ਨੂੰ, ਪੂਰੀ ਤਰ੍ਹਾਂ, ਸਾਰਾ ਅਧਿਕਾਰ ਹੈ। ਇਹ ਨਹੀਂ ਹੈ…ਇੱਕ ਡੀਕਨ ਬੋਰਡ ਇੱਥੇ ਇਸ

ਕਲੀਸਿਯਾ ਵਿੱਚ ਸਿਰਫ ਪੁਲਿਸ ਕਰਮੀ ਹਨ, ਸਿਰਫ ਵਿਵਸਥਾ ਬਣਾਈ ਰੱਖਣ ਲਈ ਅਤੇ ਇਸ ਤਰ੍ਹਾਂ ਦੇ ਹੋਰ ਕੰਮ ਕਰਨ ਲਈ। ਪਰ ਜਦੋਂ ਨਿਯਮਾਂ ਦੀ ਗੱਲ ਆਉਂਦੀ ਹੈ, ਤਾਂ ਪੂਰੀ ਕਲੀਸਿਯਾ ਨੂੰ ਅਜਿਹਾ ਕਹਿਣਾ ਪੈਂਦਾ ਹੈ। ਇਹ ਕਲੀਸਿਯਾ ਸਥਾਨਕ ਕਲੀਸਿਯਾ ਦੀ ਸੁਤੰਤਰਤਾ ਤੇ ਬਣਾਈ ਗਈ ਹੈ। ਇਸ ਲਈ, ਮੇਰੇ ਕੋਲ ਇਸ ਪਾਸਟਰ ਨੂੰ ਹਟਾਉਣ, ਜਾਂ ਕਿਸੇ ਨੂੰ ਅੰਦਰ ਲਿਆਉਣ ਲਈ ਕੋਈ ਅਧਿਕਾਰ ਨਹੀਂ ਹੈ। ਮੈਂ ਜਗ੍ਹਾ ਦਾ ਮਾਲਕ ਹਾਂ; ਇਹ ਕਲੀਸਿਯਾ ਨੂੰ ਦਿੱਤੀ ਗਈ ਹੈ। ਤੁਸੀਂ ਸਾਰੇ ਕਲੀਸਿਯਾ ਹੋ। ਤੁਸੀਂ ਲੋਕ ਹੀ ਹੋ ਜੋ ਨਿਯੰਤ੍ਰਣ ਕਰਦੇ ਹੋ। ਤੁਸੀਂ ਕਲੀਸਿਯਾ ਹੋ, ਆਪ ਹੀ। ਅਤੇ ਕਲੀਸਿਯਾ, ਪਰਮੇਸ਼ੁਰ ਦੀ ਪਵਿੱਤਰ ਕਲੀਸਿਯਾ, ਉਸ ਕਲੀਸਿਯਾ ਵਿੱਚ ਪਵਿੱਤਰ ਆਤਮਾ ਦੀ ਪ੍ਰਭੂਸੱਤਾ ਹੈ। ਅਤੇ ਸਿਰਫ ਇੱਕ ਚੀਜ਼ ਜੋ ਮੈਂ ਕਰਦਾ ਹਾਂ ਉਹ ਹੈ ਕਿ ਮੈਂ ਇਸ ਜਗ੍ਹਾ ਦਾ ਮਾਲਕ ਹੈ, ਇਸਨੂੰ ਇਸ ਕਲੀਸਿਯਾ ਨੂੰ ਦੇ ਦਿੱਤਾ ਹੈ, ਕਿਉਂਕਿ ਇਸਨੂੰ ਇੱਕ ਕਲੀਸਿਯਾ ਲਈ ਦੇ ਦਿੱਤਾ ਹੈ, ਅਤੇ ਇਹ ਟੈਕਸ ਮੁਕਤ ਹੈ। ਅਤੇ ਕਲੀਸਿਯਾ ਆਪਣੇ ਖੁਦ ਦੇ ਪਾਸਟਰ ਚੁਣਦੀ ਹੈ। ਮੇਰਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਅਤੇ ਇਹ ਪਾਦਰੀ ਸਿਰ ਇੱਕੋ ਤਰੀਕੇ ਨਾਲ ਛੱਡ ਸਕਦਾ ਹੈ, ਉਹ ਹੈ ਕਿ ਪਾਸਟਰ ਆਪਣੇ ਆਪ ਜਾਣ ਦਾ ਫੈਸਲਾ ਕਰੇ, ਜਾਂ ਕਲੀਸਿਯਾ ਦਾ ਬਹੁਮਤ ਦਾ ਕਹਿਣਾ ਹੈ ਕਿ, "ਪਾਸਟਰ ਨੂੰ ਬਦਲੋ।" ਇਹੀ ਇੱਕੋ ਇੱਕ ਤਰੀਕਾ ਹੈ। ਕੋਈ ਵੀ ਡੀਕਨ ਬੋਰਡ ਅਜਿਹਾ ਨਹੀਂ ਕਰ ਸਕਦਾ। ਡੀਕਨ ਬੋਰਡ ਸਿਰਫ ਚਰਚ ਵਿਚ ਬਿਵਸਥਾ ਅਤੇ ਚੀਜ਼ਾਂ ਕਾਇਮ ਰੱਖਦਾ ਹੈ।

277 ਟਰੱਸਟੀ, ਉਨ੍ਹਾਂ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਉਹ ਸਿਰਫ ਚਰਚ ਦੀ ਮੁਰੰਮਤ ਕਰਦੇ ਹਨ। ਅਤੇ ਉਹ ਇਹ ਉਦੋਂ ਤੱਕ ਨਹੀਂ ਕਰ ਸਕਦੇ ਜਦੋਂ ਤੱਕ ਇੱਕ…ਸਾਰਾ ਟਰੱਸਟੀ ਬੋਰਡ ਮਿਲਦਾ ਹੈ ਅਤੇ ਕਹਿੰਦਾ ਹੈ, "ਅਸੀਂ *ਇਸਨੂੰ* ਬਣਾਵਾਂਗੇ, ਜਾਂ ਅਸੀਂ *ਇਹ* ਕਰਾਂਗੇ।" ਫਿਰ ਉਨ੍ਹਾਂ ਨੂੰ ਖਜ਼ਾਨਚੀ ਤੋਂ ਪੁੱਛਣਾ ਪਏਗਾ ਕਿ ਕੀ ਉਨ੍ਹਾਂ ਕੋਲ ਅਜਿਹਾ ਕਰਨ ਲਈ ਪੈਸੇ ਹਨ। ਹਾਂ, ਸ਼੍ਰੀਮਾਨ।

278 ਪਰ ਜੇਕਰ ਕਿਸੇ ਮੈਂਬਰ ਦੇ ਖਿਲਾਫ ਕੋਈ ਸ਼ਿਕਾਇਤ ਹੈ, ਜੇਕਰ ਕਿਸੇ ਮੈਂਬਰ ਨੂੰ ਇੱਕ ਦੂਜੇ ਦੇ ਖਿਲਾਫ ਸ਼ਿਕਾਇਤ ਹੈ, ਜਾਂ ਕੁਝ ਗਲਤ ਹੈ, ਤੁਹਾਨੂੰ ਆਪਣੇ ਆਪ, ਉਸ ਭਾਈ ਕੋਲ ਜਾਣਾ ਚਾਹੀਦਾ ਹੈ, ਅਤੇ ਉਸ ਨਾਲ ਗੱਲ ਕਰਨੀ ਚਾਹੀਦੀ ਹੈ, ਤੁਸੀਂ ਅਤੇ ਉਹ ਇਕੱਲੇ। ਫਿਰ ਜੇ ਉਹ ਇਸ ਨੂੰ ਸਵੀਕਾਰ ਨਹੀਂ ਕਰਦੇ, ਤਾਂ ਅਗਲੀ ਚੀਜ਼ ਵਾਪਰਦੀ ਹੈ, ਤੁਸੀਂ ਕਿਸੇ ਡੀਕਨ ਜਾਂ ਕਿਸੇ ਨੂੰ ਲੈ ਜਾਓ, ਅਤੇ ਆਪਣੇ ਨੂੰ ਉਸ ਭਾਈ ਕੋਲ ਲੈ ਜਾਓ। ਫਿਰ ਜੇਕਰ ਉਹ ਤੁਹਾਨੂੰ ਸਵੀਕਾਰ ਨਹੀਂ ਕਰਦਾ ਹੈ, ਤਾਂ ਤੁਸੀਂ ਇਸ ਬਾਰੇ ਕਲੀਸਿਯਾ ਨੂੰ ਦੱਸੋ। ਫਿਰ ਜੇ ਕਲੀਸਿਯਾ…ਫਿਰ ਜੇ ਉਹ ਕਲੀਸਿਯਾ ਦੀ ਗੱਲ ਵੀ ਨਹੀਂ ਮੰਨਦਾ,

ਫਿਰ ਬਾਈਬਲ ਨੇ ਕਿਹਾ, "ਉਨ੍ਹਾਂ ਨੂੰ ਪਰਾਈਆਂ ਕੌਮਾਂ ਅਤੇ ਮਸੂਲੀਏ ਵਾਂਗ ਰਹਿਣ ਦਿਓ।" ਇਹ ਠੀਕ ਹੈ।

279 ਅਤੇ ਕੋਈ ਵੀ ਵਿਅਕਤੀ ਜੋ ਇੱਕ ਦੋਸ਼ੀ ਵਿਅਕਤੀ ਨੂੰ ਜਾਣਦਾ ਹੈ, ਅਤੇ ਤੁਸੀਂ ਉਹਨਾਂ ਕੋਲ ਜਾ ਕੇ ਗੱਲ ਨਹੀਂ ਕਰਦੇ, ਫਿਰ ਤੁਸੀਂ ਪਰਮੇਸ਼ੁਰ ਦੀ ਉਸ ਕਲੀਸਿਯਾ ਦਾ ਹਿੱਸਾ ਹੋ ਜਿਸ ਨੂੰ ਉਸ ਪਾਪ ਲਈ ਜਵਾਬ ਦੇਣਾ ਪਵੇਗਾ। ਇਹ ਠੀਕ ਹੈ।

280 ਅਤੇ ਜੇਕਰ ਕਿਸੇ ਵਿਅਕਤੀ ਕੋਲ ਕਿਸੇ—ਕਿਸੇ ਡੀਕਣ, ਡੀਕਣ ਜਾਂ ਕਲੀਸਿਯਾ ਦੇ ਕਿਸੇ ਵਿਅਕਤੀ ਦੇ ਵਿਰੁੱਧ ਸ਼ਿਕਾਇਤ ਹੈ, ਉਸ ਨੂੰ ਤਿੰਨ ਜਣਿਆਂ ਨੂੰ ਲੈਣਾ ਪਵੇਗਾ। ਤਿੰਨ ਜਣੇ ਆ ਕੇ ਕਹਿਣਗੇ, ਗਵਾਹ, ਦੋ ਜਾਂ ਤਿੰਨ ਗਵਾਹਾਂ ਦੇ ਮੂੰਹ ਤੋਂ। ਆ ਕੇ ਪਾਸਟਰ ਨੂੰ ਦੱਸੋ ਕਿ ਇੱਕ ਡੀਕਨ ਦੇ ਵਿਰੁੱਧ ਸ਼ਿਕਾਇਤ ਹੈ। ਫਿਰ ਜੇ ਕਿਸੇ ਡੀਕਨ ਦੇ ਵਿਰੁੱਧ ਕੋਈ ਸ਼ਿਕਾਇਤ ਹੈ, ਡੀਕਨ ਇੱਕ—ਇੱਕ ਧਰਮੀ ਆਦਮੀ ਨਹੀਂ ਹੈ, ਇੱਕ—ਇੱਕ ਸਿੱਧ ਪੁਰਖ। ਉਸਨੂੰ ਇੱਕ ਡੀਕਨ ਦੇ ਦਫ਼ਤਰ ਤੇ ਰਹਿਣਾ ਚਾਹੀਦਾ ਹੈ, ਨਿਰਦੋਸ਼, ਅਤੇ ਫਿਰ ਨਿਰਦੋਸ਼ ਪਾਇਆ ਜਾਣਾ ਚਾਹੀਦਾ ਹੈ। ਅਤੇ ਜੇ ਉਸ ਕਲੀਸਿਯਾ ਨੂੰ ਪਤਾ ਲੱਗ ਜਾਂਦਾ ਹੈ ਕਿ ਉਹ ਡੀਕਨ ਉਸ ਦੇ ਅਹੁਦੇ ਤੇ ਕਾਇਮ ਨਹੀਂ ਰਹਿੰਦਾ, ਉਹ ਆਪਣੇ ਨਾਲ ਤਿੰਨਾਂ ਜਣਿਆਂ ਨੂੰ ਲੈ ਕੇ ਪਾਸਟਰ ਕੋਲ ਜਾਵੇ। ਉਸ ਡੀਕਨ ਨੂੰ ਰਾਤ ਭਰ ਘਰ ਰਹਿਣ ਲਈ ਕਿਹਾ ਜਾਂਦਾ ਹੈ। ਅਤੇ ਫਿਰ ਪਾਸਟਰ… ਆਉਂਦਾ ਹੈ ਅਤੇ ਕਲੀਸਿਯਾ ਨੂੰ ਇਕੱਠਾ ਕਰਦਾ ਹੈ, ਸ਼ਿਕਾਇਤ ਅੱਗੇ ਰੱਖਦਾ ਹੈ। ਅਤੇ ਜੇਕਰ ਕਲੀਸਿਯਾ ਡੀਕਨ ਨੂੰ ਜਾਰੀ ਰੱਖਣ ਲਈ ਵੋਟ ਦਿੰਦੀ ਹੈ, ਤਾਂ ਡੀਕਨ ਜਾਰੀ ਰਹਿੰਦਾ ਹੈ। ਜੇ ਉਹ ਮੰਨ-…ਡੀਕਨ ਨੂੰ ਬਰਖਾਸਤ ਕਰਨ ਲਈ ਵੋਟਾਂ ਪੈਂਦੀਆਂ ਹਨ, ਉਹਨਾਂ ਨੂੰ ਉਸੇ ਰਾਤ ਇੱਕ ਨਵਾਂ ਡੀਕਨ ਚੁਣਨਾ ਪੈਂਦਾ ਹੈ। ਸਮਝੇ?

281 ਇਸ ਲਈ, ਕਿਸੇ ਇੱਕ ਵਿਅਕਤੀ ਦਾ ਇਸ ਵਿੱਚ ਕੋਈ ਲੈਣਾ ਦੇਣਾ ਨਹੀਂ ਹੈ। ਇਹ ਲੋਕਾਂ ਦਾ ਬਹੁਮਤ ਹੈ। ਹਾਂ, ਸ਼੍ਰੀਮਾਨ। ਜੇਕਰ ਉਸ ਨੂੰ ਵੀਹ ਵੋਟਾਂ ਪੈਂਦੀਆਂ ਹਨ, ਅਤੇ ਉਸ ਦੇ ਵਿਰੁੱਧ ਇੱਕੀ ਵੋਟਾਂ ਪੈਂਦੀਆਂ ਹਨ, ਤਾਂ ਉਹ ਹਟਾ ਦਿੱਤਾ ਜਾਂਦਾ ਹੈ; ਜਾਂ, ਇਸਦੇ ਉਲਟ। ਸਮਝੇ? ਭਾਵ, ਇਹ ਸਥਾਨਕ ਕਲੀਸਿਯਾ ਦੀ ਪ੍ਰਭੂਸੱਤਾ ਹੈ ਅਤੇ, ਫਿਰ, ਹਰ ਇੱਕ ਮੈਂਬਰ ਦਾ ਕਲੀਸਿਯਾ ਵਿੱਚ ਰਾਏ ਹੈ। ਕੁਝ ਵੀ ਹੁੰਦਾ ਹੈ, ਗਲਤ ਹੁੰਦਾ ਹੈ, ਤਾਂ ਉਹ ਇਕੱਠੇ ਹੋ ਸਕਦੇ ਹਨ, ਅਤੇ ਉਨ੍ਹਾਂ ਨੂੰ ਸਿਰਫ਼ ਇੱਕੋ ਕੰਮ ਕਰਨਾ ਹੈ ਉਹ ਹੈ ਪਰਮੇਸ਼ੁਰ ਦੇ ਅੱਗੇ ਜਾਣਾ ਕਿ ਉਹ ਪੂਰੀ ਤਰ੍ਹਾਂ ਵੇਖ ਸਕਣ ਕਿ ਕਲੀਸਿਯਾ ਦੀ ਤਰੱਕੀ ਵਿੱਚ ਕੋਈ ਵੀ ਰੁਕਾਵਟ ਨਹੀਂ ਬਣ ਰਿਹਾ ਹੈ।

282 ਪਰ ਕਲੀਸਿਯਾ ਦਾ ਪੂਰਾ ਅਤੇ ਸੰਪੂਰਨ ਅਧਿਕਾਰ ਪਾਸਟਰ ਕੋਲ ਹੈ। ਇਸ ਨੂੰ ਬਾਈਬਲ ਵਿਚ ਪੜ੍ਹੋ, ਦੇਖੋ ਕਿ ਕੀ ਇਹ ਬਾਈਬਲ ਦਾ ਆਦੇਸ਼ ਨਹੀਂ ਹੈ। ਇਹ ਬਿਲਕੁਲ ਸਹੀ ਹੈ। ਬਜ਼ੁਰਗ ਤੋਂ ਉੱਪਰ ਕੋਈ ਨਹੀਂ। ਮੇਰਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਕਿ ਭਾਈ ਨੇਵਿਲ ਇੱਥੇ ਕੀ ਕਰਦਾ ਹੈ। ਇਹ ਤੁਹਾਡੇ ਅਤੇ ਭਾਈ ਨੇਵਿਲ ਤੇ ਨਿਰਭਰ ਕਰਦਾ ਹੈ। ਜੇ ਭਾਈ ਨੇਵਿਲ ਯਹੋਵਾਹ ਵਿਟਨੈਸ ਦੀ ਸਿੱਖਿਆ ਦਾ ਪ੍ਰਚਾਰ ਕਰਨਾ ਚਾਹੁੰਦਾ ਹੈ, ਤਾਂ ਇਹ ਉਸ ਦੇ ਅਤੇ ਤੁਹਾਡੇ ਤੇ ਨਿਰਭਰ ਕਰਦਾ ਹੈ। ਸਮਝੇ? ਜੇ ਉਹ ਕਿਸੇ ਵੀ ਚੀਜ਼ ਦਾ ਪ੍ਰਚਾਰ ਕਰ ਸਕਦਾ ਜੋ ਉਹ ਚਾਹੁੰਦਾ ਹੈ, ਤਾਂ ਇਹ ਤੁਹਾਡੇ ਅਤੇ ਉਸਦੇ ਵਿਚਕਾਰ ਹੈ। ਇਹ ਸਭ ਹੈ। ਜੇ ਕਲੀਸਿਯਾ ਉਸ ਨੂੰ ਉੱਥੇ ਵੋਟ ਪਾਉਂਦੀ ਹੈ, ਇਹ ਪ੍ਰਚਾਰ ਕਰਨ ਲਈ, ਤਾਂ ਇਹ ਸਭ ਠੀਕ ਹੈ। ਇਹ ਉਸ ਤੇ ਨਿਰਭਰ ਕਰਦਾ ਹੈ।

283 ਮੈਂ ਸਿਰਫ ਇੱਕੋ ਕੰਮ ਕਰਦਾ ਹਾਂ, ਉਹ ਹੈ ਕਿ ਮੈਂ ਬਸ ਇਸ ਜਗ੍ਹਾ ਦਾ ਮਾਲਕ ਹਾਂ। ਅਤੇ ਜੇ ਕੋਈ ਹੋਰ ਚੀਜ਼ ਆਉਂਦੀ ਹੈ, ਜਿਵੇਂ ਇਸ ਪਾਸਟਰ ਨੂੰ ਹਟਾਉਣਾ, ਅਤੇ ਉਹ ਇਸ ਤੇ ਵੋਟ ਲੈਣਾ ਚਾਹੁੰਦੇ ਹਨ, ਤੁਸੀਂ ਇੱਕ ਡੀਕਨ ਨੂੰ ਅਜਿਹਾ ਕਰਨ ਲਈ ਨਹੀਂ ਕਹਿ ਸਕਦੇ। ਤੁਸੀਂ ਇਸ ਬਾਰੇ ਮੈਨੂੰ ਪੁੱਛਣ ਲਈ ਆਓਗੇ। ਮੈਂ ਹੇਠਾਂ ਆਵਾਂਗਾ, ਕਹਾਂਗਾ, "ਜੇ ਤੁਸੀਂ ਪਾਸਟਰ ਨੂੰ ਹਟਾਉਣਾ ਚਾਹੁੰਦੇ ਹੋ, ਤਾਂ ਮੈਨੂੰ ਦੱਸੋ ਕਿ ਕਿਉਂ। ਕੀ ਉਸਨੇ ਕੁਝ ਕੀਤਾ ਹੈ?"

284 "ਹਾਂ। ਅਸੀਂ ਉਸਨੂੰ ਫੜ ਲਿਆ, ਸ਼ਰਾਬੀ ਹਾਲਤ ਵਿੱਚ।" ਜਾਂ, "ਅਸੀਂ ਉਸਨੂੰ *ਇਹ* ਕਰਦੇ ਹੋਏ ਫੜਿਆ, ਜਾਂ ਕੁਝ ਅਜਿਹਾ ਕਰਦੇ ਹੋਏ ਜੋ ਕਰਨਾ ਸਹੀ ਨਹੀਂ ਸੀ।"

285 "ਕੀ ਤੁਹਾਡੇ ਕੋਲ ਇਸ ਦੇ ਤਿੰਨ ਗਵਾਹ ਹਨ?"

286 "ਹਾਂ। ਸਾਡੇ ਕੋਲ ਹਨ।"

287 ਉਨ੍ਹਾਂ ਗਵਾਹਾਂ ਨੂੰ ਪਹਿਲਾਂ ਪਰਖਿਆ ਜਾਣਾ ਚਾਹੀਦਾ ਹੈ। "ਬਜ਼ੁਰਗ ਦੇ ਜੁੰਮੇ ਕੋਈ ਦੋਸ਼ ਨਾ ਸੁਣੀਂ ਜਿੰਨਾ ਚਿਰ ਦੋ ਯਾ ਤਿੰਨ ਗਵਾਹ ਨਾ ਹੋਣ, ਅਤੇ ਉਨ੍ਹਾਂ ਨੂੰ ਪਹਿਲਾਂ ਸਾਬਤ ਕੀਤਾ ਜਾਵੇ; ਇੱਕ ਬਜ਼ੁਰਗ ਦੇ ਖਿਲਾਫ।" ਫਿਰ ਤੁਹਾਨੂੰ ਇਸ ਦੀ ਸਹੁੰ ਖਾਣੀ ਪੈਂਦੀ ਹੈ, ਕਿ ਤੁਸੀਂ ਇਸਨੂੰ ਦੇਖਿਆ ਸੀ; ਅਤੇ ਇਹ ਸਾਬਤ ਕਰੋ, ਕਿ ਤੁਸੀਂ ਇਸਨੂੰ ਦੇਖਿਆ ਹੈ।

288 ਅਤੇ ਫਿਰ, ਜੇ ਤੁਸੀਂ ਇਹ ਕਰ ਲਿਆ, ਤਾਂ ਉਸ ਪਾਪ ਨੂੰ ਖੁੱਲ੍ਹੇਆਮ ਝਿੜਕਿਆ ਜਾਂਦਾ ਹੈ, ਕਿ, "ਇਹ ਗਲਤ ਹੈ।" ਫਿਰ ਕਹੋ, "ਕਲੀਸਿਯਾ, ਕੀ ਤੁਸੀਂ ਆਪਣੇ ਪਾਸਟਰ ਨੂੰ ਬਦਲਣਾ ਚਾਹੁੰਦੇ ਹੋ?"

289 ਅਤੇ ਜੇ ਕਲੀਸਿਯਾ ਵੋਟ ਪਾਉਂਦੀ ਹੈ, "ਉਸਨੂੰ ਮਾਫ਼ ਕਰੋ, ਅਤੇ ਉਸਨੂੰ ਅਜੇ ਵੀ ਜਾਰੀ ਰਹਿਣ ਦਿਓ," ਤਾਂ ਇਹ ਇਸ ਤਰ੍ਹਾਂ ਹੀ ਹੋਵੇਗਾ। ਸਮਝੇ?

ਇਹ, ਕੀ ਇਹ ਉਚਿਤ ਨਹੀਂ ਹੈ? ਕੀ ਕਲੀਸਿਯਾ ਨੂੰ ਚਲਾਉਣ ਦਾ ਇਹੀ ਤਰੀਕਾ ਨਹੀਂ ਹੈ? ਇਹ ਉਹ ਹੈ ਜੋ ਬਾਈਬਲ ਨੇ ਕਿਹਾ ਹੈ। ਸਾਡੇ ਕੋਲ ਕੋਈ ਬਿਸ਼ਪ ਅਤੇ ਨਿਗਾਹਬਾਨ, ਅਤੇ ਬੋਰਡ ਆਦਿ ਨਹੀਂ ਹਨ, ਜੋ *ਇਸ* ਨੂੰ ਅੰਦਰ ਲੈ ਆਉਂਦੇ ਹਨ ਅਤੇ ਬਹੁਤ ਸਾਰਾ ਅਧਿਕਾਰ ਰੱਖਦੇ ਹਨ। ਇੱਥੇ ਪਵਿੱਤਰ ਆਤਮਾ ਤੋਂ ਇਲਾਵਾ ਕਿਸੇ ਕੋਲ ਅਧਿਕਾਰ ਨਹੀਂ ਹੈ। ਇਹ ਠੀਕ ਹੈ। ਉਹੀ ਸਭ ਚਲਾਉਂਦਾ ਹੈ। ਅਤੇ ਅਸੀਂ ਉਸਨੂੰ ਲੋਕਾਂ ਦੇ ਬਹੁਮਤ ਤੋਂ ਲੈਂਦੇ ਹਾਂ, ਜਿਸ ਤਰੀਕੇ ਨਾਲ ਲੋਕ ਫੈਂਸਲਾ ਕਰਦੇ ਹਨ।

290 ਅਤੇ ਫਿਰ ਜੇਕਰ ਇੱਕ ਪੱਖ *ਅਜਿਹਾ* ਕਰਨਾ ਚਾਹੁੰਦਾ ਹੈ, ਅਤੇ ਦੂਜਾ ਪਾਸਾ *ਅਜਿਹਾ* ਕਰਨਾ ਚਾਹੁੰਦਾ ਹੈ, ਅਤੇ ਇੱਕ ਪੱਖ ਜਿੱਤਦਾ ਹੈ, ਹਾਰਨ ਵਾਲਾ ਪੱਖ, ਉਹ ਇਸ ਬਾਰੇ ਕੀ ਕਰਦੇ ਹਨ? ਉਹਨਾਂ ਦੇ ਬਾਕੀਆਂ ਦੇ ਨਾਲ ਸ਼ਾਮਲ ਹੋਵੋ, ਕਹੋ, "ਫਿਰ, ਅਸੀਂ ਗਲਤ ਸੀ। ਅਸੀਂ ਅੱਗੇ ਚੱਲਾਂਗੇ, ਕਿਉਂਕਿ ਪਵਿੱਤਰ ਆਤਮਾ ਨੇ ਇਹ ਚੋਣ ਕੀਤੀ ਹੈ।" ਸਮਝੇ? ਇਹ ਬਿਲਕੁਲ ਸਹੀ ਹੈ।

291 ਡੈਮੋਕਰੇਟਸ ਅਤੇ ਰਿਪਬਲਿਕਨਾਂ ਵਾਂਗ, ਜਿੰਨਾ ਚਿਰ ਅਸੀਂ ਲੋਕਤੰਤਰ ਵਜੋਂ ਖੜ੍ਹੇ ਹਾਂ, ਅਮਰੀਕੀਆਂ ਵਜੋਂ। ਜੇ ਡੈਮੋਕਰੇਟਸ ਅੰਦਰ ਹਨ, ਤਾਂ ਰਿਪਬਲਿਕਨਾਂ ਨੂੰ ਉਨ੍ਹਾਂ ਦੇ ਨਾਲ ਕਦਮ ਚੁੱਕਣਾ ਚਾਹੀਦਾ ਹੈ; ਰਿਪਬਲਿਕਨ ਅੰਦਰ ਆਉਂਦੇ ਹਨ, ਡੈਮੋਕਰੇਟ ਅੱਗੇ ਵੱਧਦੇ ਹਨ। ਸਮਝੇ? ਇਹ ਬਿਲਕੁਲ ਉਹੀ ਹੈ ਜੋ ਸਾਨੂੰ ਇੱਕ ਰਾਸ਼ਟਰ ਬਣਾਉਂਦਾ ਹੈ। ਜਦੋਂ ਵੀ ਅਸੀਂ ਇਸ ਨੂੰ ਤੋੜਦੇ ਹਾਂ, ਅਸੀਂ ਆਪਣੇ ਲੋਕਤੰਤਰ ਨੂੰ ਤੋੜਦੇ ਹਾਂ। ਇਹ ਠੀਕ ਹੈ। ਡੈਮੋਕਰੇਟਸ ਕਹਿੰਦੇ ਹਨ, "ਮੈਂ ਕੁਝ ਨਹੀਂ ਕਰਾਂਗਾ; ਰਿਪਬਲਿਕਨ ਸੱਤਾ ਵਿੱਚ ਹਨ।" ਫਿਰ ਅਸੀਂ ਡਿੱਗ ਜਾਣਦੇ ਹਾਂ। ਮੈਂ ਕੰਟਕੀ ਤੋਂ ਹਾਂ: ਇਕੱਠੇ ਅਸੀਂ ਖੜੇ ਹਾਂ, ਅਤੇ ਵੰਡ ਹੋਏ ਡਿੱਗ ਜਾਂਦੇ ਹਾਂ।

292 ਹੁਣ, ਜੇ ਤੁਹਾਨੂੰ ਕਦੇ ਪਤਾ ਲੱਗਦਾ ਹੈ ਕਿ ਕਲੀਸਿਯਾ ਵਿੱਚ ਕੁਝ ਗਲਤ ਹੈ, ਕਿਸੇ ਵਿਅਕਤੀ ਜਾਂ ਕੁਝ ਵਿਅਕਤੀਆਂ ਬਾਰੇ ਜਾਂ ਕੁਝ ਵੀ, ਤੁਸੀਂ ਕਰਤੱਵ ਦੇ ਪਾਬੰਦ ਹੋ ਅਤੇ ਜੇ ਤੁਸੀਂ ਇਸ ਗੱਲ ਨੂੰ ਸਪੱਸ਼ਟ ਨਹੀਂ ਕਰਦੇ ਹੋ ਤਾਂ ਪਰਮੇਸ਼ੁਰ ਅੱਗੇ ਜਵਾਬ ਦਿਓਗੇ; ਤੁਸੀਂ, ਕਲੀਸਿਯਾ। ਹੁਣ, ਯਾਦ ਰੱਖੋ, ਇਹ ਮੇਰੇ ਮੋਢਿਆਂ ਤੇ ਨਹੀਂ ਹੈ। ਇਹ ਤੁਹਾਡੇ ਤੇ ਹੈ। ਅਤੇ ਜੇ ਕਲੀਸਿਯਾ ਵਿੱਚ ਕੁਝ ਵੀ ਗਲਤ ਹੈ, ਪਰਮੇਸ਼ੁਰ ਤੁਹਾਡੇ ਤੋਂ ਇਸਦਾ ਜਵਾਬ ਮੰਗੇਗਾ। ਇਹ ਠੀਕ ਹੈ। ਇਸ ਤਰ੍ਹਾਂ ਉਹ ਆਪਣੀ ਕਲੀਸਿਯਾ ਨੂੰ ਚਲਾਉਂਦਾ ਹੈ। ਬਾਈਬਲ ਵਿਚ ਵੀ ਇਸੇ ਤਰ੍ਹਾਂ ਹੈ। ਇਹ ਬਾਈਬਲ ਦਾ ਹੁਕਮ ਹੈ। ਇਹ ਸਥਾਨਕ ਕਲੀਸਿਯਾ ਦੀ ਪ੍ਰਭੂਸੱਤਾ ਹੈ। ਪਾਸਟਰ ਸਿਰ ਹੈ। ਇਹ ਠੀਕ ਹੈ। ਆਮੀਨ।

293 ਹੁਣ, ਇੱਥੇ ਇਸ ਮੁਬਾਰਕ, ਪੁਰਾਣੇ ਸੰਦੇਸ਼ ਵੱਲ ਆ ਰਿਹਾ ਹਾਂ। ਤੁਸੀਂ, ਹੁਣ ਮੈਂ ਚਾਹੁੰਦਾ ਹਾਂ ਕਿ ਤੁਸੀਂ ਇਹ ਜਾਣੋ। ਇਹ ਟੇਪ ਰਿਕਾਰਡ ਕੀਤਾ ਗਿਆ ਹੈ, ਯਾਦ ਰੱਖੋ, ਇਹ ਸੰਦੇਸ਼। ਅਤੇ ਕਲੀਸਿਯਾ ਦੀਆਂ ਟੇਪ ਰਿਕਾਰਡਿੰਗਾਂ, ਕਲੀਸਿਯਾ ਦੇ ਆਦੇਸ਼ ਅਤੇ ਨਿਯਮ, ਇਹ ਟੇਪ ਰਿਕਾਰਡਿੰਗ ਤੇ ਹੈ। ਇਹ ਬਾਈਬਲ ਦੇ ਅਨੁਸਾਰ ਹੈ। ਅਸੀਂ ਇਸਨੂੰ ਨਹੀਂ ਚਲਾਉਂਦੇ; ਕੋਈ ਸਿਰ ਨਹੀਂ ਹੈ। ਨਹੀਂ। ਸਾਰੇ, ਅਸੀਂ ਸਾਰੇ ਇੱਕੋ ਜਿਹੇ ਹਾਂ। ਪਰ, ਸਾਡੇ ਕੋਲ ਇੱਕ ਆਗੂ ਹੈ, ਉਹ ਪਾਸਟਰ ਹੈ, ਜਿੰਨਾ ਚਿਰ ਉਹ ਪਵਿੱਤਰ ਆਤਮਾ ਦੁਆਰਾ ਅਗਵਾਈ ਕਰਦਾ ਹੈ। ਸੱਚ ਹੈ। ਠੀਕ ਹੈ।

294 ਹੁਣ, ਇੱਥੇ, ਬਹੁਤ ਸਾਰੇ ਸਵਾਲ ਪੁੱਛੇ ਜਾਣਗੇ। ਇਸ ਲਈ ਅਗਲੀ ਵਾਰ ਜਦੋਂ ਉਹ ਦੱਸਦੇ ਹਨ, ਅਤੇ ਭਾਈ ਨੇਵਿਲ ਰੇਡੀਓ ਤੇ ਚਲਾਵੇ ਕਿ ਮੈਂ ਇੱਥੇ ਆਵਾਂਗਾ, ਤੁਸੀਂ ਆਪਣਾ ਸਵਾਲ ਲਿਖੋ, ਤਾਂ ਜੋ ਤੁਸੀਂ ਅਤੇ ਮੈਂ ਇਕੱਠੇ ਇਸ ਤੇ ਬਹਿਸ ਕਰ ਸਕੀਏ। ਕੀ ਤੁਸੀਂ ਕਰੋਗੇ? ਠੀਕ ਹੈ।

295 ਮੈਂ ਜਾਣਦਾ ਹਾਂ ਕਿ ਮੈਂ ਸੰਤਾਂ ਦੇ ਧੀਰਜ ਦੀ ਸਿੱਖਿਆ ਦਿੱਤੀ ਹੈ। ਮੈਂ ਯਿਸੂ ਦੇ ਸਰਵਉੱਚ ਪਰਮੇਸ਼ੁਰਤਾਈ ਬਾਰੇ ਸਿਖਾਇਆ ਹੈ। ਮੈਂ ਵਿਸ਼ਵਾਸੀ ਦੀ ਸੁਰੱਖਿਆ, ਅਤੇ ਪੂਰਵ ਨਿਰਧਾਰਨ, ਪਹਿਲਾਂ ਤੋਂ ਠਹਿਰਾਏ ਜਾਣ, ਅਤੇ ਇਹਨਾਂ ਵਿੱਚੋਂ ਬਹੁਤ ਸਾਰੀਆਂ ਚੀਜ਼ਾਂ ਬਾਰੇ ਸਿਖਾਇਆ ਹੈ। ਜੋ, ਮੈਨੂੰ ਪਤਾ ਹੈ, ਮੇਰੀ ਕਲੀਸਿਯਾ ਵਿੱਚ ਬਹੁਤ ਸਾਰੇ ਕਾਨੂੰਨਵਾਦੀ ਹਨ, ਜੋ ਬਿਲਕੁਲ ਠੀਕ ਹੈ। ਬਿਲਕੁਲ। ਪਰ, ਹੁਣ, ਚੀਜ਼ਾਂ, ਮੈਂ ਵੀ, ਇੱਕ ਕਾਨੂੰਨਵਾਦੀ ਹਾਂ, ਅਤੇ ਮੈਂ ਇੱਕ ਕੈਲਵਿਨਿਸਟ ਹਾਂ। ਮੈਂ ਸਿਰਫ਼ ਬਾਈਬਲ ਨੂੰ ਮੰਨਦਾ ਹਾਂ। ਇਹੀ ਸਭ ਹੈ।

296 ਹੁਣ, ਜੇ ਉਹਨਾਂ ਵਿੱਚੋਂ ਕੁਝ, ਸਵਾਲ। ਅਤੇ ਮੈਂ ਸਬੂਤਾਂ, ਸੰਵੇਦਨਾਵਾਂ, ਅਤੇ ਇਸ ਤਰ੍ਹਾਂ ਦੀਆਂ ਹੋਰ, ਅਤੇ ਉਹਨਾਂ ਸਾਰੀਆਂ ਚੀਜ਼ਾਂ ਬਾਰੇ ਸਿਖਾਇਆ ਹੈ ਜਿਨ੍ਹਾਂ ਨਾਲ ਤੁਸੀਂ ਅਸਹਿਮਤ ਹੋ ਸਕਦੇ ਹੋ। ਇਸ ਲਈ ਇਹਨਾਂ ਰਾਤਾਂ ਵਿੱਚੋਂ ਇੱਕ, ਹੋ ਸਕਦਾ ਹੈ, ਆਓ ਇਸਨੂੰ ਕਰੀਏ…

ਕੀ ਤੁਸੀਂ ਇੱਥੇ ਵਾਪਸ ਆਉਣ ਲਈ ਬਹੁਤ ਜਲਦਬਾਜ਼ੀ ਵਿੱਚ ਹੋ? [ਭਾਈ ਨੇਵਿਲ ਕਹਿੰਦੇ ਹਨ, "ਨਹੀਂ।"—ਸੰਪਾ.]

ਚਲੋ ਇਸਨੂੰ ਬੁੱਧਵਾਰ ਦੀ ਰਾਤ, ਇਸ ਆਉਣ ਵਾਲੇ ਬੁੱਧਵਾਰ ਦੀ ਰਾਤ, ਫਿਰ ਮੈਂ—ਮੈਂ ਸੋਚਦਾ ਹਾਂ—ਮੈਂ ਇਸ ਨੂੰ ਤਦ ਲੈ ਸਕਦਾ ਹਾਂ। ਬੁੱਧਵਾਰ ਰਾਤ ਨੂੰ ਆਪਣਾ ਸਵਾਲ ਲਿਆਓ, ਇਸਨੂੰ ਇੱਥੇ ਮੰਚ ਤੇ ਰੱਖੋ, ਅਤੇ ਬਾਈਬਲ ਬਾਰੇ ਸਵਾਲ, ਠੀਕ ਹੈ, ਜੋ ਮੈਂ ਹੁਣ ਸਿਖਾ ਰਿਹਾ ਹਾਂ। ਅਤੇ ਬੁੱਧਵਾਰ ਰਾਤ। ਅਤੇ ਫਿਰ ਅਗਲੇ ਐਤਵਾਰ ਤੱਕ, ਫਿਰ, ਮੈਂ ਸੋਚਦਾ ਹਾਂ ਕਿ ਮੈਨੂੰ—ਮੈਨੂੰ ਸ਼ਿਕਾਗੋ ਵਿੱਚ ਹੋਣਾ ਚਾਹੀਦਾ ਹੈ, ਕਿਸੇ ਵੀ ਤਰ੍ਹਾਂ। ਅਤੇ ਮੈਂ ਉੱਥੋਂ ਮਿਸ਼ੀਗਨ ਜਾ ਰਿਹਾ

ਹਾਂ। ਜੇ ਪ੍ਰਭੂ ਦੀ ਇੱਛਾ ਹੈ, ਤਾਂ ਮੈਂ ਬੁੱਧਵਾਰ ਰਾਤ ਨੂੰ ਇੱਥੇ ਹੋਵਾਂਗਾ, ਸਵਾਲ ਦਾ ਸਭ ਤੋਂ ਵਧੀਆ ਜਵਾਬ ਦੇਣ ਦੀ ਕੋਸ਼ਿਸ਼ ਕਰਨ ਲਈ। ਅਤੇ ਹੁਣ ਪ੍ਰਭੂ ਮਿਹਰਬਾਨ ਹੋਵੇ।

ਹੁਣ ਆਓ ਆਪਣੇ ਸਿਰ ਝੁਕਾਈਏ, ਬਸ ਇੱਕ ਪਲ।

297 ਹੁਣ, ਮੁਬਾਰਕ ਪ੍ਰਭੂ, ਇਹ ਤੇਰੀ ਮਹਾਨ ਅਰਥ ਵਿਵਸਥਾ ਹੈ। ਇਹ ਤੁਹਾਡੀ ਕਲੀਸਿਯਾ ਹੈ। ਇਹ ਤੁਸੀਂ ਹੋ, ਪ੍ਰਭੂ, ਜੋ ਚਲਾ ਰਹੇ ਹੋ, ਅਤੇ ਅਸੀਂ ਇਸ ਤਰ੍ਹਾਂ ਅੱਗੇ ਵਧਣਾ ਚਾਹੁੰਦੇ ਹਾਂ ਜਿਵੇਂ ਪਰਮੇਸ਼ੁਰ ਦੀ ਆਤਮਾ ਸਾਨੂੰ ਪ੍ਰੇਰਿਤ ਕਰਦੀ ਹੈ। ਅਤੇ ਅਸੀਂ ਹੁਣ ਪ੍ਰਾਰਥਨਾ ਕਰਦੇ ਹਾਂ ਕਿ ਤੁਸੀਂ ਸਾਨੂੰ ਅਸੀਸ ਦਿਓ। ਅਤੇ ਜਦ ਅਸੀਂ ਇਸ ਸੰਦੇਸ਼ ਨੂੰ ਦੁਹਰਾਉਂਦੇ ਹਾਂ, ਅਤੇ ਇਹਨਾਂ ਡੂੰਘੀਆਂ ਗੱਲਾਂ ਵਿੱਚ ਉਤਰਦੇ ਹਾਂ, ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਪਵਿੱਤਰ ਆਤਮਾ ਉਨ੍ਹਾਂ ਨੂੰ ਸਾਡੇ ਲਈ ਉਵੇਂ ਹੀ ਪ੍ਰਗਟ ਕਰੇ ਜਿਵੇਂ ਸਾਨੂੰ ਲੋੜ ਹੈ। ਕਿਉਂਕਿ ਅਸੀਂ ਇਸ ਨੂੰ ਉਸਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

298 ਹੁਣ, ਔਹ, ਮੈਂ…ਇਬਰਾਨੀਆਂ ਦੀ ਇਹ ਕਿਤਾਬ ਦੀ, ਮੈਂ ਮਹਾਨ ਕਿਤਾਬਾਂ ਵਿੱਚੋਂ ਇੱਕ ਵਜੋਂ ਕਦਰ ਕਰਦਾ ਹਾਂ।

299 ਥੋੜ੍ਹੀ ਦੇਰ ਬਾਅਦ, ਇਹ ਹੋ ਸਕਦਾ ਹੈ ਕਿ ਮੈਂ—ਮੈਂ ਜਾਣਾ…ਵਿਦੇਸ਼ ਜਾਣਾ ਹੈ, ਜੋ ਕਿ, ਜੇ ਪਰਮੇਸ਼ੁਰ ਇਜਾਜ਼ਤ ਦਿੰਦਾ ਹੈ, ਮੈਂ ਇਹ ਬਹੁਤ ਜਲਦੀ ਕਰਾਂਗਾ। ਮੈਨੂੰ ਇੱਕ ਦਰਸ਼ਨ ਦੇ ਅਨੁਸਾਰ ਅਫਰੀਕਾ ਜਾਣਾ ਪਵੇਗਾ। ਮੈਨੂੰ ਲਗਦਾ ਹੈ ਕਿ ਮੈਂ ਆਪਣੀਆਂ ਸਭਾਵਾਂ ਵਿੱਚ ਕਦੇ ਵੀ ਜ਼ਿਆਦਾ ਖੁਸ਼ਹਾਲ ਨਹੀਂ ਹੋਵਾਂਗਾ ਜਦੋਂ ਤੱਕ ਮੈਂ ਅਫਰੀਕਾ ਨਹੀਂ ਜਾਂਦਾ ਅਤੇ ਉਸ ਦਰਸ਼ਨ ਨੂੰ ਪੂਰਾ ਨਹੀਂ ਕਰਦਾ। ਹੁਣ, ਫਿਰ, ਇਹ ਸ਼ਾਇਦ ਇਸ ਆਉਣ ਵਾਲੀ ਬਸੰਤ ਵਿੱਚ ਕਿਸੇ ਸਮੇਂ ਹੋਵੇਗਾ।

300 ਪਰ ਉਸ ਸਮੇਂ ਦੇ ਵਿਚਕਾਰ, ਮੈਂ ਇਬਰਾਨੀਆਂ ਦੀ ਕਿਤਾਬ ਵਿੱਚੋਂ ਇੱਕ ਹੋਰ ਕਿਤਾਬ ਲੈਣਾ ਪਸੰਦ ਕਰਦਾ ਹਾਂ, ਉਹ ਹੈ, ਇਬਰਾਨੀਆਂ ਦਾ 11ਵਾਂ ਅਧਿਆਇ, ਅਤੇ ਉਸ 11ਵੇਂ ਅਧਿਆਇ ਵਿੱਚ ਲਗਭਗ ਇੱਕ ਹਫ਼ਤਾ ਰੁਕਾਂਗਾ, ਅਤੇ ਉਸ ਵਿੱਚ ਹਰੇਕ ਪਾਤਰ ਜਾਂ ਪਾਤਰਾਂ ਨੂੰ ਲਵਾਂਗਾ, ਅਤੇ ਉਹਨਾਂ ਦੇ ਚਰਿੱਤਰ ਨੂੰ ਸਾਹਮਣੇ ਲਿਆਵਾਂਗਾ। ਸਮਝੇ? "ਵਿਸ਼ਵਾਸ ਦੁਆਰਾ, ਨੂਹ," ਫਿਰ ਨੂਹ ਦੇ ਜੀਵਨ ਬਾਰੇ ਗੱਲ ਕਰਾਂਗੇ। "ਵਿਸ਼ਵਾਸ ਦੁਆਰਾ, ਅਬਰਾਹਾਮ," ਫਿਰ ਅਬਰਾਹਾਮ ਦੇ ਜੀਵਨ ਨੂੰ ਲਵਾਂਗੇ। "ਵਿਸ਼ਵਾਸ ਦੁਆਰਾ, ਹਾਬਲ," ਫਿਰ ਹਾਬਲ ਦੇ ਜੀਵਨ ਨੂੰ। ਸਮਝੇ? ਅਤੇ ਇਸ ਨੂੰ ਹੇਠਾਂ ਲਿਆਵਾਂਗੇ। ਕੀ ਤੁਸੀਂ ਇਹ ਪਸੰਦ ਕਰੋਗੇ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] ਔਹ, ਇਹ ਹੋਵੇਗਾ, ਇਸ ਤਰ੍ਹਾਂ ਤਾਂ ਅਸੀਂ ਪੂਰੀ ਬਾਈਬਲ ਲੈ ਲਵਾਂਗੇ। ਅਤੇ ਫਿਰ ਅਸੀਂ

ਇਹ ਕੋਸ਼ਿਸ਼ ਕਰਾਂਗੇ, ਹੋ ਸਕਦਾ ਹੈ, ਜਾਂ ਤਾਂ, ਕਹਿਣ ਲਈ, ਇੱਕ ਹਫ਼ਤੇ ਜਾਂ ਦਸ ਦਿਨਾਂ ਦੀਆਂ ਸਭਾਵਾਂ ਵਿੱਚ, ਇੱਕ ਤੋਂ ਬਾਅਦ ਦੂਜੀ ਸਭਾ, ਇੱਕ ਬੇਦਾਰੀ ਵਿੱਚ, ਕ੍ਰਿਸਮਸ ਦੀਆਂ ਛੁੱਟੀਆਂ ਦੌਰਾਨ, ਜਾਂ ਅਜਿਹਾ ਕੁਝ, ਜੇ ਪ੍ਰਭੂ ਦੀ ਇੱਛਾ ਹੋਵੇਗੀ।

301 ਹੁਣ, ਇਬਰਾਨੀਆਂ ਦੀ ਕਿਤਾਬ ਦੇ 7ਵੇਂ ਅਧਿਆਇ ਵਿੱਚ, ਅਸੀਂ ਇਸ ਮਹਾਨ ਪਾਤਰ ਨੂੰ ਮਿਲੇ ਹਾਂ। ਕੌਣ ਮੈਨੂੰ ਦੱਸ ਸਕਦਾ ਹੈ ਕਿ ਉਸਦਾ ਨਾਮ ਕੀ ਸੀ? [ਕਲੀਸਿਯਾ ਕਹਿੰਦੀ ਹੈ, “ਮਲਕੀਸਿਦਕ।”—ਸੰਪਾ.] ਮਲਕੀਸਿਦਕ। ਹੁਣ, ਇਹ ਮਲਕੀਸਿਦਕ ਕੌਣ ਸੀ? ਉਹ ਅੱਤ ਮਹਾਨ ਪਰਮੇਸ਼ੁਰ ਦਾ ਜਾਜਕ ਸੀ। ਉਹ ਸਲੇਮ ਦਾ ਰਾਜਾ ਸੀ, ਜੋ ਯਰੂਸ਼ਲਮ ਦਾ ਰਾਜਾ ਸੀ। ਉਸਦਾ ਕੋਈ ਪਿਤਾ ਨਹੀਂ ਸੀ, ਜਾਂ ਉਸਦੀ ਕੋਈ ਮਾਂ ਨਹੀਂ ਸੀ। ਉਸ ਦੇ ਜੰਮਣ ਦਾ ਕੋਈ ਸਮਾਂ ਨਹੀਂ ਸੀ, ਜਾਂ ਅਜਿਹਾ ਕੋਈ ਸਮਾਂ ਨਹੀਂ ਹੋਵੇਗਾ ਜਦ ਉਹ ਮਰ ਜਾਵੇਗਾ। ਹੁਣ, ਸਾਨੂੰ ਪਤਾ ਚਲਦਾ ਹੈ ਕਿ ਇਹ ਸਦੀਪਕ ਹੋਣਾ ਚਾਹੀਦਾ ਹੈ।

302 ਸਾਨੂੰ ਪਤਾ ਲੱਗਾ ਕਿ ਸ਼ਬਦ *ਹਮੇਸ਼ਾ* ਦਾ ਅਰਥ “ਇੱਕ ਸਮੇਂ ਦਾ ਸਥਾਨ ਹੈ।” ਕੀ ਤੁਹਾਨੂੰ ਅਜੇ ਵੀ ਇਹ ਯਾਦ ਹੈ? ਸਮੇਂ ਦਾ ਇੱਕ ਸਥਾਨ, ਇਹ ਹਮੇਸ਼ਾ ਲਈ ਅਤੇ ਹਮੇਸ਼ਾ ਲਈ ਹੈ। ਅਤੇ *ਹਮੇਸ਼ਾ* ਲਈ ਗਵਾਹੀ ਦਿੱਤੀ ਗਈ ਹੈ, ਕਈ ਵਾਰ, ਬਾਈਬਲ ਵਿਚ “ਇੱਕ— ਸਮੇਂ ਦੇ ਸਥਾਨ” ਦੇ ਤੌਰ ਤੇ।

303 ਪਰ, ਅਨੰਤਤਾ, ਅਤੇ ਇੱਥੇ ਕੇਵਲ ਇੱਕ ਕਿਸਮ ਦਾ ਅਨੰਤ ਜੀਵਨ ਹੈ, ਅਸੀਂ ਪਾਇਆ ਹੈ। ਕੀ ਇਹ ਸਹੀ ਹੈ? ਪਰਮੇਸ਼ੁਰ ਕੋਲ ਉਹ ਅਨੰਤ ਜੀਵਨ ਹੈ, ਇਕੱਲੇ ਕੋਲ। ਕੀ ਇਹ ਸਹੀ ਹੈ? ਅਨੰਤ ਜੀਵਨ ਦੀ ਕੇਵਲ ਇੱਕ ਕਿਸਮ ਹੈ। “ਅਨੰਤ ਸਜ਼ਾ” ਵਰਗਾ ਕੋਈ ਸ਼ਬਦ ਨਹੀਂ ਹੈ। ਕਿਉਂਕਿ, ਜੇਕਰ ਤੁਹਾਨੂੰ ਅਨੰਤਤਾ ਲਈ ਸਜ਼ਾ ਦਿੱਤੀ ਜਾਣੀ ਹੈ, ਤਾਂ ਤੁਹਾਡੇ ਕੋਲ ਅਨੰਤ ਸਜ਼ਾ ਮਿਲਣ ਲਈ ਅਨੰਤ ਜੀਵਨ ਹੋਣਾ ਚਾਹੀਦਾ ਹੈ। ਤੁਹਾਡੇ ਕੋਲ ਅਨੰਤ ਹੋਣਾ ਚਾਹੀਦਾ ਹੈ-...ਅਤੇ ਜੇ ਤੁਹਾਨੂੰ ਅਨੰਤ ਜੀਵਨ ਹੈ, ਤਾਂ ਤੁਹਾਨੂੰ ਸਜ਼ਾ ਨਹੀਂ ਦਿੱਤੀ ਜਾ ਸਕਦੀ, ਦੇਖੋ, ਜੇ ਤੁਹਾਨੂੰ ਅਨੰਤ ਜੀਵਨ ਮਿਲਿਆ ਹੈ। “ਉਹ ਜੋ ਮੇਰੇ ਬਚਨਾਂ ਨੂੰ ਸੁਣਦਾ ਹੈ, ਅਤੇ ਉਸ ਉੱਤੇ ਵਿਸ਼ਵਾਸ ਕਰਦਾ ਹੈ ਜਿਸਨੇ ਮੈਨੂੰ ਭੇਜਿਆ ਹੈ, ਉਸ ਕੋਲ ਅਨੰਤ ਜੀਵਨ ਹੈ।” ਕੀ ਇਹ ਸਹੀ ਹੈ? ਅਨੰਤ ਜੀਵਨ, ਕਿਉਂਕਿ ਤੁਸੀਂ ਵਿਸ਼ਵਾਸ ਕਰਦੇ ਹੋ। ਅੱਛਾ, ਜੇ ਤੁਹਾਨੂੰ ਅਨੰਤ ਜੀਵਨ ਮਿਲ ਗਿਆ ਹੈ, ਤਾਂ ਤੁਹਾਨੂੰ ਸਜ਼ਾ ਨਹੀਂ ਦਿੱਤੀ ਜਾ ਸਕਦੀ, ਕਿਉਂਕਿ ਤੁਹਾਨੂੰ *ਅਨੰਤ* ਜੀਵਨ ਮਿਲਿਆ ਹੈ। ਇਸ ਲਈ, ਫਿਰ, ਜੇਕਰ ਤੁਸੀਂ ਨਰਕ ਵਿੱਚ ਹਮੇਸ਼ਾ ਅਤੇ ਹਮੇਸ਼ਾ ਲਈ ਦੁੱਖ ਭੋਗਣ ਜਾ ਰਹੇ ਹੋ, ਤਾਂ ਤੁਹਾਡੇ ਕੋਲ ਉਸ ਲਈ ਅਨੰਤ ਜੀਵਨ ਹੋਣਾ ਚਾਹੀਦਾ ਹੈ।

304 ਪਰ, ਹੁਣ, ਮੈਂ ਵਿਸ਼ਵਾਸ ਕਰਦਾ ਹਾਂ ਕਿ ਬਾਈਬਲ ਇੱਕ ਸ਼ਾਬਦਿਕ ਬਲਦੀ ਨਰਕ ਬਾਰੇ ਸਿਖਾਉਂਦੀ ਹੈ। ਬਾਈਬਲ ਸਿਖਾਉਂਦੀ ਹੈ ਕਿ, ਪਾਪ ਅਤੇ ਬੁਰਿਆਈ ਨੂੰ ਸਜ਼ਾ ਦਿੱਤੀ ਜਾਵੇਗੀ, ਹਮੇਸ਼ਾ ਅਤੇ ਹਮੇਸ਼ਾ ਲਈ। ਇਹ ਅਨੰਤਤਾ ਨਹੀਂ ਹੈ, ਹੁਣ। ਇਹ ਸ਼ਾਇਦ ਦਸ ਅਰਬ ਸਾਲਾਂ ਲਈ ਹੋ ਸਕਦਾ ਹੈ। ਇਹ ਸੌ ਅਰਬ ਸਾਲਾਂ ਲਈ ਹੋ ਸਕਦਾ ਹੈ, ਪਰ ਕਦੇ ਨਾ ਕਦੇ ਇਸ ਦਾ ਅੰਤ ਹੋਣਾ ਹੀ ਹੈ। ਕਿਉਂਕਿ, ਹਰ ਚੀਜ਼ ਜਿਸ ਦੀ ਸ਼ੁਰੂਆਤ ਸੀ, ਉਸ ਦਾ ਅੰਤ ਹੁੰਦਾ ਹੈ। ਇਹ ਉਹ ਚੀਜ਼ਾਂ ਹਨ ਜਿਨ੍ਹਾਂ ਦੀ ਕੋਈ ਸ਼ੁਰੂਆਤ ਨਹੀਂ, ਉਹਨਾਂ ਦਾ ਕੋਈ ਅੰਤ ਨਹੀਂ ਹੈ।

305 ਤੁਹਾਨੂੰ ਹੁਣ ਉਹ ਸਬਕ ਯਾਦ ਹੈ? ਅਸੀਂ ਕਿਵੇਂ ਵਾਪਸ ਗਏ ਅਤੇ ਪਤਾ ਲਗਾਇਆ ਕਿ ਹਰ ਚੀਜ਼ ਜਿਸਦੀ ਸ਼ੁਰੂਆਤ ਸੀ ਵਿਗੜ ਗਈ ਸੀ, ਵੇਖੋ, ਮੁੱਖ ਚੀਜ ਤੋਂ ਇੱਕ ਵਿਗਾੜ ਹੈ। ਅਤੇ, ਅੰਤ ਵਿੱਚ, ਇਹ ਇੱਕ ਅਨੰਤਤਾ ਤੱਕ ਵਾਪਸ ਆ ਜਾਂਦਾ ਹੈ। ਅਤੇ ਫਿਰ ਸਾਰੇ ਨਰਕ, ਸਾਰੇ ਦੁੱਖ, ਅਤੇ ਇਸ ਤਰ੍ਹਾਂ ਦੀਆਂ ਸਾਰੀਆਂ ਯਾਦਾਂ, ਸਦਾ ਲਈ ਅਲੋਪ ਹੋ ਜਾਣਗੀਆਂ। ਹਰ ਚੀਜ਼ ਜੋ ਸ਼ੁਰੂ ਹੁੰਦੀ ਹੈ, ਉਸਦਾ ਅੰਤ ਹੁੰਦਾ ਹੈ।

306 ਅਤੇ ਇਹ ਮਲਕਿਸਿਦਕ ਯਿਸੂ ਨਹੀਂ ਸੀ, ਕਿਉਂਕਿ ਉਹ ਪਰਮੇਸ਼ੁਰ ਸੀ। ਅਤੇ ਕਿਸ ਚੀਜ਼ ਨੇ ਯਿਸੂ ਅਤੇ ਪਰਮੇਸ਼ੁਰ ਨੂੰ ਵੱਖਰਾ ਬਣਾਇਆ, ਉਹ ਸੀ ਕਿ, ਯਿਸੂ ਉਹ ਡੇਰਾ ਸੀ ਜਿਸ ਵਿੱਚ ਪਰਮੇਸ਼ੁਰ ਰਹਿੰਦਾ ਸੀ। ਸਮਝੇ? ਹੁਣ, ਮਲਕੀਸਿਦਕ। ਯਿਸੂ ਦੇ ਪਿਤਾ ਅਤੇ ਮਾਤਾ ਦੋਵੇਂ ਸਨ। ਅਤੇ ਇਸ ਆਦਮੀ ਦਾ ਕਦੇ ਵੀ ਪਿਤਾ ਜਾਂ ਮਾਤਾ ਨਹੀਂ ਸੀ। ਯਿਸੂ ਕੋਲ ਜੀਵਨ ਦੀ ਸ਼ੁਰੂਆਤ ਸੀ ਅਤੇ ਉਸ ਕੋਲ ਜੀਵਨ ਦਾ ਅੰਤ ਸੀ। ਇਸ ਆਦਮੀ ਦਾ ਕੋਈ ਪਿਤਾ ਨਹੀਂ ਸੀ, ਮਾਂ ਨਹੀਂ ਸੀ, ਨਾ ਦਿਨਾਂ ਦੀ ਸ਼ੁਰੂਆਤ ਸੀ ਅਤੇ ਨਾ ਹੀ ਜੀਵਨ ਦਾ ਅੰਤ ਸੀ। ਪਰ, ਇਹ ਉਹੀ ਵਿਅਕਤੀ ਸੀ। ਇਹ ਸੀ, ਮਲਕੀਸਿਦਕ ਅਤੇ ਯਿਸੂ ਇੱਕ ਸੀ; ਪਰ ਯਿਸੂ ਧਰਤੀ ਦਾ ਸਰੀਰ ਸੀ, ਜੋ ਪਾਪ ਦੇ ਸਰੀਰ ਵਾਂਗ ਬਣਾਇਆ ਗਿਆ ਸੀ। ਪਰਮੇਸ਼ੁਰ ਦਾ ਆਪਣਾ ਸਰੀਰ, ਉਸਦਾ ਆਪਣਾ ਪੁੱਤਰ, ਮੌਤ ਦੇ ਡੰਗ ਨੂੰ ਬਾਹਰ ਕੱਢਣ ਲਈ, ਪਾਪ ਦੇ ਸ਼ਰੀਰ ਵਾਂਗ ਪੈਦਾ ਹੋਇਆ ਅਤੇ ਬਣਾਇਆ ਗਿਆ, ਰਿਹਾਈ ਦੀ ਕੀਮਤ ਦਾ ਭੁਗਤਾਨ ਕਰਨ ਲਈ, ਅਤੇ ਆਪਣੇ ਲਈ ਪੁੱਤਰ ਅਤੇ ਧੀਆਂ ਪ੍ਰਾਪਤ ਕਰਨ ਲਈ। ਤੁਸੀਂ ਇਹ ਸਮਝ ਗਏ? ਇਹੀ ਕਾਰਨ ਹੈ ਕਿ ਉਸ ਦੀ—ਉਸਦੀ ਇੱਕ ਸ਼ੁਰੂਆਤ ਸੀ, ਉਸਦਾ ਇੱਕ ਅੰਤ ਸੀ।

307 ਪਰ ਇਹ ਸੰਪੂਰਣ ਸਰੀਰ, ਯਾਦਗਾਰ ਵਿੱਚ, ਸਾਡੇ ਪੁਨਰਉਥਾਨ ਦੇ—ਦੇ ਬਿਆਨੇ ਦੇ ਰੂਪ ਵਿੱਚ, ਪਰਮੇਸ਼ੁਰ ਉਸ ਪਵਿੱਤਰ ਸਰੀਰ ਨੂੰ ਸੜਨ ਨਹੀਂ

ਦਿੱਤਾ, ਕਿਉਂਕਿ ਉਸਨੇ ਇਸਨੂੰ ਖੁਦ ਬਣਾਇਆ ਸੀ। ਅਤੇ ਇਸਨੂੰ ਬਾਹਰ ਲਿਆਇਆ, ਅਤੇ ਇਸਨੂੰ ਜੀਉਂਦਾ ਕੀਤਾ, ਅਤੇ ਇਸਨੂੰ ਆਪਣੇ ਸੱਜੇ ਹੱਥ ਬਿਠਾਇਆ।

308 ਅਤੇ, ਅੱਜ, ਪਵਿੱਤਰ ਆਤਮਾ ਜਿਸਨੇ ਉਸ ਸਰੀਰ ਨੂੰ ਜਿਉਂਦਾ ਕੀਤਾ ਸੀ ਉਹ ਇੱਥੇ ਕਲੀਸਿਯਾ ਵਿੱਚ ਹੈ। ਪਰਮੇਸ਼ੁਰ ਦਾ ਨਾਮ ਮੁਬਾਰਕ ਹੋਵੇ! ਅਤੇ ਉਹੀ ਅਚਰਜ ਕੰਮ ਅਤੇ ਸ਼ਕਤੀਆਂ ਦਿਖਾ ਰਿਹਾ ਹੈ। ਅਤੇ ਕਿਸੇ ਦਿਨ ਇਹ ਪਵਿੱਤਰ ਆਤਮਾ, ਜੋ ਕਲੀਸਿਯਾ ਵਿੱਚ ਹੈ, ਪੁਕਾਰੇਗਾ ਅਤੇ ਉੱਚਾ ਕਰੇਗਾ, ਅਤੇ ਆਪਣੇ ਆਪ ਨੂੰ ਇਸ ਸਰੀਰ ਰੂਪ ਵਿੱਚ ਲਵੇਗਾ ਜੋ ਪਰਮੇਸ਼ੁਰ ਦੇ ਸੱਜੇ ਪਾਸੇ ਬਿਰਾਜਮਾਨ ਹੈ, ਸਾਡੇ ਪਾਪੀਆਂ ਲਈ, ਵਿਚੋਲਗੀ ਕਰਨ ਲਈ। ਅਤੇ ਉੱਥੇ ਅਸੀਂ ਪੂਰੀ ਤਰ੍ਹਾਂ ਪਾਪ ਤੋਂ ਬਚੇ ਹੋਏ ਹਾਂ। ਇਹ ਨਹੀਂ ਕਿ ਅਸੀਂ ਪਾਪ ਨਹੀਂ ਕਰਦੇ; ਪਰ ਪਰਮੇਸ਼ੁਰ ਦੀ ਹਜ਼ੂਰੀ ਵਿੱਚ, ਪਾਪ ਤੋਂ ਦੂਰ ਰੱਖੇ ਜਾਂਦੇ ਹਾਂ। ਕਿਉਂਕਿ, ਮੇਰੇ ਅਤੇ ਪਰਮੇਸ਼ੁਰ ਦੇ ਵਿਚਕਾਰ ਤੁਹਾਡੇ ਅਤੇ ਪਰਮੇਸ਼ੁਰ ਦੇ ਵਿਚਕਾਰ, ਇੱਕ ਲਹੂ ਲੁਹਾਨ ਬਲੀਦਾਨ ਖੜ੍ਹਾ ਹੈ। ਇਹੀ ਕਾਰਨ ਹੈ ਕਿ ਉਸਨੇ ਕਿਹਾ, "ਇੱਕ ਮਨੁੱਖ ਜੋ ਪਰਮੇਸ਼ੁਰ ਤੋਂ ਜੰਮਿਆਂ ਹੈ, ਉਹ ਪਾਪ ਨਹੀਂ ਕਰਦਾ, ਉਹ ਪਾਪ ਨਹੀਂ ਕਰ ਸਕਦਾ।" ਕਿਉਂਕਿ, ਜੇ ਤੁਸੀਂ ਦੁਬਾਰਾ ਜਨਮ ਲੈਂਦੇ ਹੋ, ਤਾਂ ਉਹੀ ਪਵਿੱਤਰ ਆਤਮਾ ਜੋ ਉਸ ਸਰੀਰ ਵਿੱਚ ਰਹਿੰਦਾ ਸੀ ਤੁਹਾਡੇ ਵਿੱਚ ਰਹਿੰਦਾ ਹੈ। ਅਤੇ ਇਹ ਪਾਪ ਨਹੀਂ ਕਰ ਸਕਦਾ; ਕੁਰਬਾਨੀ ਉਸ ਅੱਗੇ ਰੱਖੀ ਹੋਈ ਹੈ। ਫਿਰ ਜੇ ਤੁਸੀਂ ਇਹ ਜਾਣ ਬੁੱਝ ਕੇ ਕਰਦੇ ਹੋ, ਤਾਂ ਇਹ ਦਰਸਾਉਂਦਾ ਹੈ ਕਿ ਤੁਹਾਡੇ ਲਈ ਉਸ ਸਰੀਰ ਵਿੱਚ ਹੋਣਾ ਅਸੰਭਵ ਹੈ। ਆਮੀਨ। ਇਹ ਇੰਜੀਲ ਹੈ। ਉੱਥੇ ਇਹ ਹੈ।

309 ਇਸ ਲਈ, ਤੁਸੀਂ ਦੇਖਦੇ ਹੋ, ਇਹ ਕਿਸੇ ਵੀ ਲਿਖਤ ਦਾ ਖੰਡਨ ਨਹੀਂ ਕਰਦਾ। ਇਹ ਲਿੱਖਤਾਂ ਨੂੰ ਜੋੜਦਾ ਹੈ। ਦੇਖੋ? "ਜਿਹੜੇ ਇੱਕ ਵਾਰੀ ਉਜਿਆਲੇ ਕੀਤੇ ਗਏ ਉਹਨਾਂ ਲਈ ਇਹ ਅਸੰਭਵ ਹੈ।" ਇਹੀ ਉਹ ਥਾਂ ਹੈ ਜਿੱਥੇ ਤੁਸੀਂ ਮੇਰੇ ਸਵਾਲਾਂ ਨੂੰ ਸਮਝੋਗੇ। ਕਿਉਂਕਿ, ਬਸ ਉਹਨਾਂ ਨੂੰ ਸਮਝੋ, ਅਸੀਂ ਇਸ ਤਰ੍ਹਾਂ ਚਾਹੁੰਦੇ ਹਾਂ।

310 ਹੁਣ ਧਿਆਨ ਦਿਓ। "ਇਹ ਉਹਨਾਂ ਲਈ ਅਸੰਭਵ ਹੈ ਜਿਹੜੇ ਇੱਕ ਵਾਰੀ ਉਜਿਆਲੇ ਕੀਤੇ ਗਏ, ਉਨ੍ਹਾਂ ਤੋਂ ਫੇਰ ਨਵੇਂ ਸਿਰਿਓਂ ਤੋਬਾ ਕਰਾਉਣੀ ਅਣਹੋਣੀ ਹੈ, ਇਸ ਲਈ ਜੋ ਓਹ ਪਰਮੇਸ਼ੁਰ ਦੇ ਪੁੱਤ੍ਰ ਨੂੰ ਆਪਣੀ ਵੱਲੋਂ ਦੂਜੀ ਵਾਰ ਸਲੀਬ ਉੱਤੇ ਚਾੜ੍ਹਦੇ, ਅਤੇ ਉਸ ਨੂੰ...ਅਤੇ ਉਸ ਨੂੰ ਸਰੀਹਨ ਬੇਪਤ ਕਰਦੇ ਹਨ।" ਉਹ ਇਸ ਨੂੰ ਨਹੀਂ ਕਰ ਸਕੇ।

311 ਫਿਰ ਤੁਸੀਂ ਇਬਰਾਨੀਆਂ 10 ਉੱਤੇ ਜਾਂਦੇ ਹੋ, ਜਿੱਥੇ ਇਹ ਕਹਿੰਦਾ ਹੈ, "ਕਿਉਂਕਿ ਜੇ ਅਸੀਂ ਸੱਚ ਦਾ ਗਿਆਨ ਪ੍ਰਾਪਤ ਕਰਨ ਤੋਂ ਬਾਅਦ ਜਾਣ ਬੁੱਝ ਕੇ ਪਾਪ ਕਰਦੇ ਹਾਂ।" ਅਤੇ ਪਾਪ ਕੀ ਹੈ? ਅਵਿਸ਼ਵਾਸ।

312 ਜੇ ਤੁਸੀਂ ਜਾਣ-ਬੁੱਝ ਕੇ ਪਵਿੱਤਰ ਆਤਮਾ ਨੂੰ ਉਹ ਕੰਮ ਕਰਦੇ ਹੋਏ ਦੇਖਦੇ ਹੋ ਜੋ ਇਸ ਨੇ ਅੱਜ ਸਵੇਰੇ ਇੱਥੇ ਕੀਤਾ ਸੀ, ਅਤੇ ਵੇਖੋ ਕੇ ਕਿ ਮਸੀਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ, ਅਤੇ ਉਹ ਆਪਣੀ ਕਲੀਸਿਯਾ ਅਤੇ ਆਪਣੇ ਲੋਕਾਂ ਵਿੱਚ ਰਹਿੰਦਾ ਹੈ, ਅਤੇ ਤੁਸੀਂ ਜਾਣ ਬੁੱਝ ਕੇ ਇਸ ਨੂੰ ਠੁਕਰਾ ਦਿੰਦੇ ਹੋ, ਤੁਹਾਡੇ ਲਈ ਕਦੇ ਵੀ ਪਰਮੇਸ਼ੁਰ ਕੋਲ ਆਉਣਾ ਅਸੰਭਵ ਹੈ, ਕਿਉਂਕਿ ਤੁਸੀਂ ਪਵਿੱਤਰ ਆਤਮਾ ਦੀ ਨਿੰਦਾ ਕੀਤੀ ਹੈ।

313 ਯਿਸੂ ਨੇ ਉਹੀ ਗੱਲਾਂ ਕਹੀਆਂ, ਜਦੋਂ ਉਹ ਇਹ ਅਚਰਜ ਕੰਮ ਕਰ ਰਿਹਾ ਸੀ।

314 ਓਹਨਾਂ ਨੇ ਕਿਹਾ, "ਕਿਉਂ, ਉਹ ਬਾਅਲਜਬੂਬ ਹੈ। ਉਹ ਇੱਕ ਭਵਿੱਖ-ਦੱਸਣ ਵਾਲਾ ਹੈ। ਉਹ ਇੱਕ ਸ਼ੈਤਾਨ ਹੈ।"

315 ਯਿਸੂ ਪਿਛਾਂਹ ਮੁੜਿਆ, ਅਤੇ ਕਿਹਾ, "ਮੈਂ ਤੁਹਾਨੂੰ ਇਸ ਲਈ ਮਾਫ਼ ਕਰ ਦਿਆਂਗਾ। ਪਰ ਜਦੋਂ ਪਵਿੱਤਰ ਆਤਮਾ ਆਉਂਦਾ ਹੈ ਅਤੇ ਅਜਿਹਾ ਕਰਦਾ ਹੈ, ਤਾਂ ਇਸਦੇ ਵਿਰੁੱਧ ਇੱਕ ਸ਼ਬਦ ਵੀ ਕਦੇ ਵੀ ਮਾਫ਼ ਨਹੀਂ ਕੀਤਾ ਜਾਵੇਗਾ ਨਾ ਇਸ ਜਗਤ ਵਿੱਚ ਨਾ ਹੀ ਆਉਣ ਵਾਲੇ ਜਗਤ ਵਿੱਚ।" ਕਿਉਂਕਿ ਤੁਸੀਂ ਪਰਮੇਸ਼ੁਰ ਦੇ ਆਤਮਾ ਨੂੰ ਜੋ ਉਸ ਵਿੱਚ ਸੀ ਉਸਨੂੰ, "ਇੱਕ ਅਸ਼ੁੱਧ ਆਤਮਾ" ਕਿਹਾ।

316 ਫਿਰ, ਜੇ ਅਸੀਂ ਜਾਣ ਬੁੱਝ ਕੇ ਪਾਪ ਕਰਦੇ ਹਾਂ, ਜੇ ਅਸੀਂ ਪਾਪ ਕਰਦੇ ਹਾਂ, ਜਾਣ ਬੁੱਝ ਕੇ ਅਵਿਸ਼ਵਾਸ ਕਰਦੇ ਹਾਂ। ਅਸੀਂ ਸੱਚ ਨੂੰ ਪ੍ਰਾਪਤ ਕਰਨ ਤੋਂ ਬਾਅਦ ਨਹੀਂ, ਦੁਬਾਰਾ ਜਨਮ ਲੈਣ ਤੋਂ ਬਾਅਦ; ਫਿਰ ਅਸੀਂ ਪਾਪ ਨਹੀਂ ਕਰ ਸਕਦੇ। ਇੱਕ ਪਾਪੀ ਨਹੀਂ ਕਰ ਸਕਦਾ-...ਇੱਕ ਮਸੀਹੀ ਨਾ ਮਾਫ਼ ਹੋਣ ਯੋਗ ਪਾਪ ਨਹੀਂ ਕਰ ਸਕਦਾ। ਉਹ ਇਹ ਨਹੀਂ ਕਰ ਸਕਦਾ। ਇਹ ਅਧਰਮੀ ਹੈ ਜੋ ਅਜਿਹਾ ਕਰਦਾ ਹੈ। ਉਹ ਇੱਕ ਢੋਂਗੀ-ਵਿਸ਼ਵਾਸੀ ਹੈ, ਵਿਸ਼ਵਾਸੀ ਨਹੀਂ।

317 ਉਹ ਯਹੂਦੀ ਰੱਬੀ, ਔਹ, ਉਹ ਸੋਚਦੇ ਸਨ ਕਿ ਉਹ ਕੁਝ ਸਨ, ਅਤੇ ਉਹਨਾਂ ਕੋਲ ਡੀ.ਡੀ. ਅਤੇ ਪੀ.ਐਚ.ਡੀ ਸੀ। ਉਨ੍ਹਾਂ ਨੇ ਸੋਚਿਆ ਕਿ ਉਨ੍ਹਾਂ ਨੇ ਇਹ ਸਭ ਕੁਝ ਇੱਕ ਬੈਗ ਵਿੱਚ ਸੀਲਿਆ ਹੋਇਆ ਸੀ, ਪਰ ਉਹ ਸਭ ਤੋਂ ਭੈੜੇ ਪਾਪੀ ਸਨ। ਔਹ, ਹੋ ਸਕਦਾ ਹੈ ਉਹ...ਤੁਸੀਂ ਉਹਨਾਂ ਦੇ ਜੀਵਨ ਤੇ—ਤੇ ਹੱਥ ਨਹੀਂ ਪਾ ਸਕਦੇ ਸੀ। ਉਹ ਇਸ ਤਰ੍ਹਾਂ, ਸਾਫ਼, ਨੈਤਿਕ, ਅਤੇ ਧਰਮੀ ਸਨ। ਪਰ ਉਹ ਅਵਿਸ਼ਵਾਸੀ ਸਨ।

318 ਅਤੇ ਤੁਸੀਂ ਪਾਪ ਸ਼ਬਦ ਨੂੰ ਲਵੋ ਅਤੇ ਇਹ ਪਤਾ ਲਗਾਓ ਕਿ ਇਸਦਾ ਕੀ ਅਰਥ ਹੈ। *ਪਾਪ* ਸ਼ਬਦ ਦਾ ਅਰਥ ਹੈ "ਅਵਿਸ਼ਵਾਸ।" ਇੱਥੇ ਸਿਰਫ਼ ਦੋ ਧੜੇ ਹਨ, ਉਹ ਹਨ, ਇੱਕ ਵਿਸ਼ਵਾਸੀ ਅਤੇ ਇੱਕ ਅਵਿਸ਼ਵਾਸੀ। ਉਹ ਹਨ, ਇੱਕ ਧਰਮੀ ਵਿਅਕਤੀ ਅਤੇ ਇੱਕ ਪਾਪੀ। ਇਹ ਸਭ ਹੈ। ਜੇਕਰ ਤੁਸੀਂ ਇੱਕ ਅਵਿਸ਼ਵਾਸੀ ਹੋ, ਤਾਂ ਤੁਸੀਂ ਇੱਕ ਪਾਪੀ ਹੋ; ਭਾਵੇਂ ਤੁਸੀਂ ਕਿੰਨੇ ਵੀ ਚੰਗੇ ਹੋ, ਤੁਸੀਂ ਕਿੰਨੇ ਵੀ ਗਿਰਜੇ ਜਾਂਦੇ ਹੋ, ਜਾਂ ਭਾਵੇਂ ਤੁਸੀਂ ਪ੍ਰਚਾਰਕ ਹੋ। ਤੁਸੀਂ ਫਿਰ ਵੀ ਅਵਿਸ਼ਵਾਸੀ ਹੋ।

319 ਉਹ ਫ਼ਰੀਸੀ ਪ੍ਰਚਾਰਕ ਸਨ, ਅਤੇ ਉਹ ਅਵਿਸ਼ਵਾਸੀ ਸਨ, ਅਤੇ ਅੱਜ ਇਸ ਲਈ ਨਰਕ ਵਿੱਚ ਹਨ। ਉਹ ਕਿੰਨੇ ਵੀ ਉਹ ਧਾਰਮਿਕ, ਅਤੇ ਪਵਿੱਤਰ ਬਣ ਸਕਦੇ ਸਨ, ਪਰ ਉਹਨਾਂ ਨੇ ਉਸ ਤੇ ਵਿਸ਼ਵਾਸ ਨਹੀਂ ਕੀਤਾ। ਅਤੇ ਉਨ੍ਹਾਂ ਨੇ ਉਸਨੂੰ "ਇੱਕ ਸ਼ੈਤਾਨ" ਕਿਹਾ, ਅਤੇ ਉਸਦੇ ਬਚਨ ਨੂੰ ਵਿਵਾਦ ਕੀਤਾ। ਅਤੇ ਉਨ੍ਹਾਂ ਵਿੱਚੋਂ ਕਈਆਂ ਨੇ ਕਿਹਾ, "ਜੇ ਤੂੰ ਹੈਂ, ਤਾਂ ਹੁਣ ਸਲੀਬ ਤੋਂ ਹੇਠਾਂ ਉੱਤਰ ਆ। ਇੱਕ ਚਮਤਕਾਰ ਕਰ। ਅਸੀਂ ਤੈਨੂੰ ਇਹ ਕਰਦੇ ਹੋਏ ਵੇਖੀਏ।" ਇੱਕ ਨੇ ਉਸ ਦੇ ਸਿਰ ਉੱਤੇ, ਸੋਟੀ ਮਾਰੀ, ਅਤੇ ਕਿਹਾ, "ਭਵਿੱਖਬਾਣੀ ਕਰ ਅਤੇ ਸਾਨੂੰ ਦੱਸ ਕਿ ਤੈਨੂੰ ਕਿਸ ਨੇ ਮਾਰਿਆ ਹੈ, ਹੇ ਨਬੀ, ਅਤੇ ਅਸੀਂ ਤੇਰੇ ਤੇ ਵਿਸ਼ਵਾਸ ਕਰਾਂਗੇ।" ਦੇਖੋ, ਅਵਿਸ਼ਵਾਸੀਓ! ਉਹ ਢੋਂਗੀ-ਵਿਸ਼ਵਾਸ ਕਰਦੇ ਸਨ ਕਿ ਉਹ ਵਿਸ਼ਵਾਸੀ ਸਨ, ਪਰ ਉਹ ਅਵਿਸ਼ਵਾਸੀ ਸਨ, ਨਾ ਸੁਧਰੇ, ਵੱਖ ਕੀਤੇ ਹੋਏ, ਹਾਲਾਂਕਿ ਉਹ ਪਾਕ ਅਤੇ ਪਵਿੱਤਰ ਸਨ।

320 ਫਿਰ, ਅੱਜ ਵੀ ਇਹੀ ਗੱਲ ਹੈ। ਮਰਦ ਅਤੇ ਔਰਤਾਂ ਚਰਚ ਜਾ ਸਕਦੇ ਹਨ ਅਤੇ ਲੰਬਾ ਚਿਹਰਾ ਬਣਾ ਸਕਦੇ ਹਨ, ਅਤੇ—ਅਤੇ ਉਹ ਜਿੰਨਾ ਵੀ ਪਵਿੱਤਰ ਬਣ ਸਕਦੇ ਹਨ, ਅਤੇ ਕਦੇ ਵੀ ਝੂਠ ਨਹੀਂ ਬੋਲਦੇ, ਚੋਰੀ ਨਹੀਂ ਕਰਦੇ ਹਨ, ਅਤੇ ਆਪਣੇ ਧਰਮ ਨੂੰ ਜਿੰਨਾ ਉਹ ਕਰ ਸਕਦੇ ਹਨ ਜੀਣ ਦੀ ਕੋਸ਼ਿਸ਼ ਕਰਦੇ ਹਨ। ਪਰ, ਜਦੋਂ ਤੱਕ ਉਹ ਵਿਸ਼ਵਾਸੀ ਨਹੀਂ ਬਣ ਜਾਂਦੇ, ਉਹ ਗੁਆਚੇ ਹੋਏ ਹਨ। ਇਸ ਲਈ ਬਾਈਬਲ ਵਿਚ ਕਾਨੂੰਨਵਾਦੀਆਂ ਦੀ ਕੋਈ ਥਾਂ ਨਹੀਂ ਹੈ। ਕੈਲਵਿਨਵਾਦ ਹੈ...ਕਿਰਪਾ ਉਹ ਹੈ ਜੋ ਪਰਮੇਸ਼ੁਰ ਨੇ ਤੁਹਾਡੇ ਲਈ ਕੀਤੀ ਹੈ, ਅਤੇ ਕੰਮ ਉਹ ਹਨ ਜੋ ਤੁਸੀਂ ਪਰਮੇਸ਼ੁਰ ਲਈ ਕਰਦੇ ਹੋ। ਇਹ ਬਿਲਕੁਲ ਵੱਖ ਕੀਤਾ ਗਿਆ ਹੈ।

321 ਜੇ ਝੂਠ ਬੋਲਣਾ ਛੱਡ ਦਿੱਤਾ ਹੈ, ਸਿਗਰਟਨੋਸ਼ੀ ਛੱਡ ਦਿੱਤੀ ਹੈ, ਚੋਰੀ ਕਰਨੀ ਛੱਡ ਦਿੱਤੀ ਹੈ, ਵਿਭਚਾਰ ਛੱਡ ਦਿੱਤਾ ਹੈ, ਸਭ ਕੁਝ ਛੱਡ ਦਿੱਤਾ ਹੈ, ਸਭ ਕੁਝ ਕੀਤਾ, ਹੁਕਮਾਂ ਦੀ ਪਾਲਣਾ ਕੀਤੀ, ਅਤੇ ਗਿਰਜੇ ਗਏ, ਹਰ ਐਤਵਾਰ ਨੂੰ ਬਪਤਿਸਮਾ ਲਿਆ, ਪ੍ਰਭੂ ਭੋਜ ਲਿਆ, ਸੰਤਾਂ ਦੇ ਪੈਰ ਧੋਤੇ, ਸਭ

ਕੁਝ ਕੀਤਾ, ਬਿਮਾਰਾਂ ਨੂੰ ਚੰਗਾ ਕੀਤਾ, ਅਤੇ ਇਹ ਸਭ ਕੁਝ ਕੀਤਾ, ਜਦੋਂ ਤੱਕ ਤੁਸੀਂ ਪਰਮੇਸ਼ੁਰ ਦੀ ਆਤਮਾ ਤੋਂ ਪੈਦਾ ਨਹੀਂ ਹੋਏ, ਚੁਣੇ ਨਹੀਂ ਗਏ, ਤੁਸੀਂ ਗੁਆਚੇ ਹੋਏ ਹੋ। "ਨਾ ਚਾਹੁਣ ਵਾਲੇ ਦਾ, ਨਾ ਦੌੜ ਭੱਜ ਕਰਨ ਵਾਲੇ ਦਾ, ਸਗੋਂ ਪਰਮੇਸ਼ੁਰ ਦਾ ਕੰਮ ਹੈ ਜਿਹੜਾ ਦਯਾ ਕਰਦਾ ਹੈ।"

322 ਏਸਾਓ ਨੇ ਮਸੀਹੀ ਬਣਨ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਅਜਿਹਾ ਨਹੀਂ ਕਰ ਸਕਿਆ। ਬਾਈਬਲ ਕਹਿੰਦੀ ਹੈ ਕਿ ਉਹ ਫੁੱਟ-ਫੁੱਟ ਕੇ ਰੋਇਆ, ਤੋਬਾ ਕਰਨ ਲਈ ਜਗ੍ਹਾ ਲੱਭ ਰਿਹਾ ਸੀ, ਅਤੇ ਨਹੀਂ ਲੱਭ ਸਕਿਆ। ਉਸ ਦੇ ਜਨਮ ਤੋਂ ਪਹਿਲਾਂ, ਪਰਮੇਸ਼ੁਰ ਨੇ ਉਸ ਤੇ ਸਜਾ ਦਾ ਹੁਕਮ ਕੀਤਾ, ਕਿਉਂਕਿ ਉਹ ਜਾਣਦਾ ਸੀ ਕਿ ਉਹ ਆਪਣੇ ਦਿਲ ਵਿੱਚ ਇੱਕ ਗੰਦਾ ਬੇਈਮਾਨ ਸੀ। ਪੂਰਵਗਿਆਨ ਦੁਆਰਾ ਪਰਮੇਸ਼ੁ ਇਸ ਨੂੰ ਜਾਣਦਾ ਸੀ। ਉਸ ਨੇ ਕਿਹਾ, "ਮੈਂ ਯਾਕੂਬ ਨੂੰ ਪ੍ਰੇਮ ਕੀਤਾ, ਅਤੇ ਮੈਂ ਏਸਾਓ ਨੂੰ ਨਫ਼ਰਤ।" ਅਤੇ ਏਸਾਓ ਇੱਕ ਸੱਜਣ ਜਿਹਾ ਜਾਪਦਾ ਸੀ। ਉਹ ਘਰ ਰਹਿੰਦਾ ਸੀ, ਆਪਣੇ ਬੁੱਢੇ ਅੰਨ੍ਹੇ ਪਿਤਾ ਦੀ ਦੇਖਭਾਲ ਕਰਦਾ, ਡੰਗਰ ਚਾਰਦਾ, ਅਤੇ ਸਭ ਕੁਝ, ਇੱਕ ਚੰਗਾ ਮੁੰਡਾ ਸੀ।

323 ਅਤੇ ਯਾਕੂਬ ਮਾਂ ਦਾ ਲਾਡਲਾ ਸੀ, ਨਿੱਕਾ ਜਿਹਾ ਜਨਾਨਕਾ ਕਹਾਣੀਕਾਰ। ਇਹੀ ਉਹ ਸੀ। ਤੁਹਾਨੂੰ ਇਹ ਮੰਨਣਾ ਪਵੇਗਾ। ਬਾਈਬਲ ਮੰਨਦੀ ਹੈ, ਲਿਆਉਂਦੀ ਹੈ। ਇੱਧਰ ਉਧਰ ਦੋੜਦਾ, ਸਭ ਕੁਝ ਕਰਦਾ। ਅਤੇ—ਅਤੇ, ਮਾਂ, ਮਾਂ ਦੇ ਨਾਲ-ਨਾਲ ਰਹਿੰਦਾ। ਪਰ, ਫਿਰ ਵੀ, ਯਾਕੂਬ, ਆਪਣੇ ਸਾਰੇ ਉਤਰਾਅ ਅਤੇ ਚੜ੍ਹਾਅ, ਅਤੇ ਉਸਦੇ ਜਨਾਨਕੇ ਤੌਰ ਤਰੀਕਿਆਂ ਨਾਲ, ਉਹ ਅਜੇ ਵੀ ਉਸ ਜਨਮ ਸਿੱਧ ਅਧਿਕਾਰ ਦਾ ਸਤਿਕਾਰ ਕਰਦਾ ਸੀ। ਇਹ ਮੁੱਖ ਸਵਰ ਹੈ।

324 ਏਸਾਓ ਯਾਕੂਬ ਤੋਂ ਦੁੱਗਣਾ ਸੱਜਣ ਸਨ। ਜੇ ਸਾਨੂੰ ਅੱਜ ਉਸ ਦਾ ਨਿਆਂ ਕਰਨਾ ਪਵੇ, ਸਾਡੇ ਗਿਰਜੇ ਦਾ ਮੈਂਬਰ ਬਣਨ ਲਈ, ਤੁਸੀਂ ਏਸਾਓ ਨੂੰ ਹਜ਼ਾਰ ਵਿੱਚੋਂ ਚੁਣ ਲਵੋਗੇ, ਜੇ ਤੁਸੀਂ ਉਸਨੂੰ ਨਹੀਂ ਜਾਣਦੇ। ਪਰ ਪਰਮੇਸ਼ੁਰ ਨੇ ਯਾਕੂਬ ਨੂੰ ਲਿਆ।

325 ਤੁਸੀਂ ਸੰਤ ਪੌਲੁਸ ਨਾਲ ਕੀ ਕਰਦੇ, ਜੇ ਉਹ ਇੱਕ ਸੇਵਕ ਬਣਨਾ ਚਾਹੁੰਦਾ ਹੁੰਦਾ? ਇੱਕ ਛੋਟਾ ਜਿਹਾ, ਟੇਢੇ-ਨੱਕ ਵਾਲਾ ਯਹੂਦੀ, ਅਤੇ ਉਸਦਾ ਮੂੰਹ ਪਾਸੇ ਵੱਲ ਨੂੰ ਸੀ, ਬਸ ਹੰਗਾਮਾ ਕਰਦਾ ਜਾ ਰਿਹਾ ਹੈ, ਅਤੇ ਉਹ ਕਿਵੇਂ ਕਲੀਸਿਯਾ ਨੂੰ ਪਾੜਨ ਜਾ ਰਿਹਾ ਹੈ, ਉਹ ਸਭ ਕੁਝ ਕਰਨ ਜਾ ਰਿਹਾ ਸੀ। ਤੁਸੀਂ ਸੋਚਿਆ ਹੋਵੇਗਾ ਕਿ ਉਸਨੇ ਨਾ ਮੁਆਫੀ ਯੋਗ ਪਾਪ ਕੀਤਾ ਹੈ, ਪਰ ਪਰਮੇਸ਼ੁਰ ਨੇ ਕਿਹਾ, "ਉਹ ਮੇਰਾ ਸੇਵਕ ਹੈ।"

326 ਪਰਮੇਸ਼ੁਰ ਮਨੁੱਖਾਂ ਨੂੰ ਲੈਂਦਾ ਹੈ ਅਤੇ ਉਹਨਾਂ ਨੂੰ ਵੱਖਰਾ ਬਣਾਉਂਦਾ ਹੈ, ਨਾ ਕਿ ਮਨੁੱਖ ਪਰਮੇਸ਼ੁਰ ਨੂੰ ਲੈ ਕੇ ਵੱਖਰੇ ਬਣਦੇ ਹਨ। ਪਰਮੇਸ਼ੁਰ ਮਨੁੱਖ ਨੂੰ ਲੈਂਦਾ

ਹੈ ਅਤੇ ਉਸਨੂੰ ਵੱਖਰਾ ਬਣਾਉਂਦਾ ਹੈ। ਇਹ ਉਹ ਨਹੀਂ ਹੈ ਜੋ ਤੁਸੀਂ ਕਰਦੇ ਹੋ, ਜੋ ਤੁਸੀਂ ਕਰੋਗੇ, ਜਾਂ ਤੁਸੀਂ ਕੀ ਸੋਚਦੇ ਹੋ। ਇਹ ਉਹ ਹੈ ਜੋ ਪਰਮੇਸ਼ੁਰ ਕਰਦਾ ਹੈ। ਉਥੇ ਤੁਸੀਂ ਹੋ। ਅਤੇ ਇਹ ਕਹਾਣੀ ਹੈ।

327 ਹੁਣ, ਇਹ ਮਹਾਨ ਮਲਕੀਸਿਦਕ, ਇੱਥੇ ਉਸ ਬਾਰੇ ਕਿਹੋ ਜਿਹੀ ਕਹਾਣੀ ਹੈ! ਅਸੀਂ ਥੋੜਾ ਜਿਹਾ ਪੜ੍ਹਨਾ ਚਾਹੁੰਦੇ ਹਾਂ, ਬਸ ਇੱਕ ਤਰ੍ਹਾਂ...ਸਾਨੂੰ ਇਸ ਵਿੱਚੋਂ ਇੰਨੀ ਤੇਜ਼ੀ ਨਾਲ ਲੰਘਣਾ ਪਿਆ। ਅਸੀਂ ਇੱਥੇ ਵਚਨ ਦੇ ਇੱਕ ਖਾਸ ਹਿੱਸੇ ਤੋਂ ਸ਼ੁਰੂ ਕਰਨ ਜਾ ਰਹੇ ਹਾਂ, ਅਤੇ ਅਸੀਂ 15ਵੀਂ ਆਇਤ ਬਾਰੇ ਸ਼ੁਰੂ ਕਰਨ ਜਾ ਰਹੇ ਹਾਂ।

*ਕਿਉਂ ਜੋ ਇਹ...ਪਰਗਟ ਹੈ: ਭਈ ਸਾਡਾ...ਜਦੋਂ ਮਲਕਿਸਿਦਕ ਦੇ ਸਮਾਨ ਇੱਕ ਹੋਰ ਜਾਜਕ ਉੱਠਿਆ ਹੈ।*

328 ਹੁਣ, ਮਲਕਿਸਿਦਕ ਇੱਕ ਜਾਜਕ ਸੀ। ਕੀ ਉਹ ਸੀ? ਇੱਥੇ ਉਹ ਕੀ ਸੀ। ਸਾਨੂੰ ਪਤਾ ਲੱਗਦਾ ਹੈ ਕਿ ਪਰਮੇਸ਼ੁਰ, ਆਦ ਵਿੱਚ, ਆਤਮਾ ਦਾ ਇੱਕ ਮਹਾਨ ਚਸ਼ਮਾ ਸੀ। ਕੀ ਇਹ ਸਹੀ ਹੈ? ਉਸ ਦਾ ਕੋਈ ਜਨਮ ਸਥਾਨ ਨਹੀਂ ਸੀ। ਉਸ ਦਾ ਕੋਈ ਮਰਨ ਸਥਾਨ ਸੀ। ਉਸ ਦੇ ਦਿਨਾਂ ਦੀ ਸ਼ੁਰੂਆਤ ਨਹੀਂ ਸੀ। ਉਸ ਦੇ ਸਾਲਾਂ ਦਾ ਕੋਈ ਅੰਤ ਨਹੀਂ ਸੀ। ਉਹ ਓਨਾ ਹੀ ਅਨੰਤ ਸੀ ਜਿਵੇਂ ਅਨੰਤਤਾ ਅਨੰਤ ਹੈ। ਉਹ ਕਦੇ ਪੈਦਾ ਨਹੀਂ ਹੋਇਆ ਸੀ। ਉਹ ਕਦੇ ਮਰਿਆ ਨਹੀਂ ਸੀ।

329 ਅਤੇ ਉੱਥੇ, ਸਾਨੂੰ ਪਤਾ ਚਲਦਾ ਹੈ ਕਿ, ਉਸ ਕੋਲ ਆਤਮਾ ਦੀਆਂ ਸੱਤ ਕਿਸਮਾਂ ਸਨ। ਕੀ ਇਹ ਸਹੀ ਹੈ? ਬਾਈਬਲ ਨੇ, ਪਰਕਾਸ਼ ਦੀ ਪੋਥੀ ਵਿੱਚ ਕਿਹਾ ਹੈ ਕਿ, "ਪਰਮੇਸ਼ੁਰ ਦੇ ਸਿੰਘਾਸਣ ਦੇ ਸਾਹਮਣੇ ਸੱਤ ਆਤਮੇ ਸਨ।" ਕੀ ਇਹ ਸਹੀ ਹੈ? ਸੱਤ, ਕਈ ਗੁਣਾ, ਸੱਤ ਆਤਮੇ। ਸਾਨੂੰ ਪਤਾ ਲੱਗਦਾ ਹੈ, ਉੱਥੇ ਸੱਤ ਰੰਗ ਹਨ। ਉੱਥੇ ਕਲੀਸਿਯਾ ਦੇ ਸੱਤ ਯੁੱਗ ਹਨ। ਔਹ, ਇਹ ਬਸ ਚੱਲਦਾ ਹੈ। ਸੱਤ ਸੰਪੂਰਨ ਹੈ, ਅਤੇ ਪਰਮੇਸ਼ੁਰ ਸੰਪੂਰਨ ਸੀ। ਅਤੇ ਸੱਤ ਆਤਮੇ, ਅਤੇ ਉਹ ਆਤਮੇ ਸੰਪੂਰਣ ਸਨ। ਪਹਿਲਾਂ ਰੰਗ ਲਾਲ ਸੀ; ਸੰਪੂਰਣ ਪ੍ਰੇਮ, ਛੁਟਕਾਰਾ। ਅਤੇ ਕਿਵੇਂ, ਜੇਕਰ ਸਾਡੇ ਕੋਲ ਸਮਾਂ ਹੁੰਦਾ, ਉਹਨਾਂ ਰੰਗਾਂ ਬਾਰੇ ਗੱਲ ਕਰਨ ਲਈ ਅਤੇ ਇਹ ਦਰਸਾਉਣ ਲਈ ਕਿ ਉਹਨਾਂ ਵਿੱਚੋਂ ਹਰ ਇੱਕ ਰੰਗ ਪਰਮੇਸ਼ੁਰ ਦੀ ਸ਼ੁੱਧਤਾ ਨੂੰ ਦਰਸਾਉਂਦਾ ਹੈ। ਆਮੀਨ। ਉਹ ਰੰਗ, ਸੱਤ ਕੁਦਰਤੀ ਰੰਗ ਹਨ। ਉਹ ਰੰਗ ਪਰਮੇਸ਼ੁਰ ਦੀ ਸ਼ੁੱਧਤਾ ਨੂੰ ਦਰਸਾਉਂਦੇ ਹਨ। ਅਤੇ...ਉਹ ਰੰਗ ਪਰਮੇਸ਼ੁਰ ਦੇ ਮਨੋਰਥ, ਪਰਮੇਸ਼ੁਰ ਦੀ ਰਵੱਈਏ ਨੂੰ ਦਰਸਾਉਂਦੇ ਹਨ। ਉਹ ਸੱਤ ਰੰਗ, ਉਹ ਕਲੀਸਿਯਾ ਦੇ ਸੱਤ ਯੁੱਗ, ਸੱਤ ਤਾਰੇ, ਸੱਤ ਦੂਤਾਂ ਨੂੰ ਦਰਸਾਉਂਦੇ ਸਨ। ਸਾਰੇ ਵਚਨ ਵਿੱਚ, ਸੱਤ ਸੇਵਕ, ਸੱਤ ਸੰਦੇਸ਼ਵਾਹਕ, ਸੱਤ ਸੰਦੇਸ਼, ਸਾਰੇ

ਸੱਤਾਂ ਵਿੱਚ ਹਨ। ਸੱਤ ਦਿਨ। ਛੇ ਦਿਨ, ਅਤੇ ਸੱਤਵਾਂ ਸਬਤ ਹੈ; ਸੰਪੂਰਨ, ਪੂਰਾ। ਔਹ, ਇਹ ਸੁੰਦਰ ਹੈ, ਜੇ ਸਾਡੇ ਕੋਲ ਇਸ ਵਿੱਚ ਖੋਦਣ ਅਤੇ ਇਸਨੂੰ ਬਾਹਰ ਲਿਆਉਣ ਦਾ ਸਮਾਂ ਸੀ, ਉਹਨਾਂ ਰੰਗਾਂ ਨੂੰ!

330 ਲਾਲ ਰੰਗ ਲਵੋ। ਅਸੀਂ ਜਿਹੜਾ ਪਹਿਲਾ ਰੰਗ ਲੈਂਦੇ ਹਾਂ, ਉਹ ਲਾਲ ਹੈ। ਲਾਲ ਕੀ ਹੈ? ਲਾਲ ਖ਼ਤਰੇ ਦੀ ਇੱਕ ਨਿਸ਼ਾਨੀ ਹੈ। ਲਾਲ ਰੰਗ ਛੁਟਕਾਰੇ ਦੀ ਨਿਸ਼ਾਨੀ ਹੈ। ਅਤੇ ਤੁਸੀਂ ਲਾਲ ਰੰਗ ਵਿੱਚੋਂ ਲਾਲ ਨੂੰ ਵੇਖੋ, ਇਹ ਕਿਹੜਾ ਰੰਗ ਹੈ? ਚਿੱਟਾ। ਇਹ ਸਹੀ ਹੈ। ਇਸ ਲਈ ਜਦੋਂ ਲਾਲ ਲਹੂ ਵਹਾਇਆ ਜਾਂਦਾ ਹੈ, ਲਾਲ ਪਾਪ ਨੂੰ ਢੱਕਣ ਲਈ, ਪਰਮੇਸ਼ੁਰ, ਲਾਲ ਲਹੂ ਵਿੱਚੋਂ ਵੇਖਦੇ ਹੋਏ, ਲਾਲ ਪਾਪ ਨੂੰ ਵੇਖਦਾ ਹੈ, ਇਹ ਚਿੱਟਾ ਹੋ ਜਾਂਦਾ ਹੈ। ਵਿਸ਼ਵਾਸੀ ਪਾਪ ਨਹੀਂ ਕਰ ਸਕਦਾ। ਯਕੀਨਨ ਨਹੀਂ। ਉਸ ਉਤੇ, ਪਰਮੇਸ਼ੁਰ ਦੀ ਬਖ਼ਸ਼ਿਸ਼ ਦਾ ਬੀਜ, ਬਣਿਆ ਰਹਿੰਦਾ ਹੈ। ਪਰਮੇਸ਼ੁਰ ਆਪਣੇ ਪੁੱਤਰ ਦੇ ਲਹੂ ਤੋਂ ਇਲਾਵਾ ਹੋਰ ਕੁਝ ਨਹੀਂ ਦੇਖ ਸਕਦਾ। ਕੋਈ ਫਰਕ ਨਹੀਂ ਪੈਂਦਾ ਕਿ ਇਹ ਉਸਦੀ ਕਲੀਸਿਯਾ ਵਿੱਚ ਕੀ ਹੈ, ਇਹ ਜੋ ਵੀ, ਪਰਮੇਸ਼ੁਰ ਇਸਨੂੰ ਨਹੀਂ ਦੇਖਦਾ, ਕਿਉਂਕਿ ਯਿਸੂ ਵਿਚੋਲਗੀ ਕਰ ਰਿਹਾ ਹੈ, ਲਗਾਤਾਰ, ਪ੍ਰਧਾਨ ਜਾਜਕ ਬਣ ਕੇ। ਉਸ ਲਈ ਪਾਪ ਕਰਨ ਦਾ ਕੋਈ ਜਰਿਆ ਨਹੀਂ ਹੈ, ਜਦੋਂ ਅਜਿਹਾ ਬਲੀਦਾਨ ਉਸ ਲਈ ਉੱਥੇ ਰੱਖਿਆ ਹੋਇਆ ਹੈ, ਇਸ ਤਰ੍ਹਾਂ। ਯਕੀਨਨ ਨਹੀਂ।

331 ਅਤੇ ਹੁਣ ਜੇ ਤੁਸੀਂ ਕਹੋ, "ਅੱਛਾ, ਇਹ ਮੈਨੂੰ ਇੱਕ ਚੰਗਾ ਮੌਕਾ ਦਿੰਦਾ ਹੈ..." ਫਿਰ ਇਹ ਦਰਸਾਉਂਦਾ ਹੈ ਕਿ ਤੁਸੀਂ ਸਹੀ ਨਹੀਂ ਹੋ।

332 ਤੁਸੀਂ ਇਸ ਦੀ ਕਦਰ ਕਰੋਗੇ। ਤੁਸੀਂ ਇਸ ਨੂੰ ਪਿਆਰ ਕਰੋਗੇ, ਜੇਕਰ ਤੁਸੀਂ ਇੱਕ ਅਸਲੀ ਮਸੀਹੀ ਹੋ, ਇੱਕ ਅਜਿਹੀ ਥਾਂ ਤੇ ਜਿੱਥੇ ਪਾਪ ਤੁਹਾਨੂੰ ਉਦੋਂ ਤੱਕ ਪਰੇਸ਼ਾਨ ਕਰੇਗਾ ਜਦੋਂ ਤੱਕ ਤੁਸੀਂ ਇਹ ਨਹੀਂ ਕਰ ਸਕਦੇ। "ਕਿਉਂਕਿ ਪਰਮੇਸ਼ੁਰ ਦਾ ਬੀਜ ਉਸ ਵਿੱਚ ਰਹਿੰਦਾ ਹੈ, ਅਤੇ ਉਹ ਪਾਪ ਨਹੀਂ ਕਰ ਸਕਦਾ।" ਬਾਈਬਲ ਨੇ ਕਿਹਾ, "ਇੱਕ ਵਾਰ ਯਿਸੂ ਦੇ ਲਹੂ ਦੁਆਰਾ ਸ਼ੁੱਧ ਹੋਣ ਤੋਂ ਬਾਅਦ, ਪਾਪ ਦੀ ਕੋਈ ਹੋਰ ਇੱਛਾ ਨਹੀਂ ਹੈ।" ਜੇ ਤੁਹਾਡੀ ਇੱਛਾ ਹੈ, ਤਾਂ ਤੁਹਾਡਾ ਦਿਲ ਪਰਮੇਸ਼ੁਰ ਨਾਲ ਸਹੀ ਨਹੀਂ ਹੈ।

333 ਹੁਣ, ਤੁਸੀਂ ਗਲਤ ਕਰੋਗੇ, ਪਰ ਤੁਸੀਂ ਇਹ ਜਾਣ ਬੁੱਝ ਕੇ ਨਹੀਂ ਕਰੋਗੇ। ਸਮਝੇ? ਤੁਸੀਂ—ਤੁਸੀਂ ਫਸ ਗਏ ਹੋ, ਅਤੇ ਕੋਈ ਵੀ ਚੀਜ਼ ਜਿਸ ਵਿੱਚ ਤੁਸੀਂ ਫਸ ਗਏ ਹੋ, ਜਾਂ ਕੁਝ ਅਜਿਹਾ ਕਰੋ ਜੋ ਤੁਸੀਂ ਕਰਨਾ ਨਹੀਂ ਚਾਹੁੰਦੇ ਹੋ, ਇਹ ਅਜੇ ਤੱਕ ਪਾਪ ਨਹੀਂ ਹੈ, ਤੁਸੀਂ ਉਸ ਪਲ ਪਛਤਾਵਾ ਕਰੋਗੇ ਜਦੋਂ ਤੁਸੀਂ ਦੇਖੋਗੇ ਕਿ ਤੁਸੀਂ ਗਲਤ ਹੋ। ਤੁਸੀਂ ਜਲਦੀ ਮੁੜੋਗੇ ਅਤੇ ਕਹੋਗੇ, "ਮੇਰਾ ਮਤਲਬ ਨਹੀਂ ਸੀ...ਇਹ ਨਹੀਂ ਦੇਖਿਆ।" ਤੁਸੀਂ ਇਹ ਕਹੋਗੇ, ਸਾਰੀ ਉਮਰ। ਇੱਕ ਆਦਮੀ

ਨਹੀਂ ਬਣਨਾ ਚਾਹੁੰਦਾ, ਇਹੀ ਕਾਰਨ ਹੈ ਕਿ ਇੱਥੇ ਧਰਤੀ ਉੱਤੇ, ਅਸੀਂ ਇੰਨੇ ਮੂਰਖ ਅਤੇ ਹਨੇਰੇ ਵਿੱਚ ਹਾਂ, ਕਿ ਸਾਡੇ ਲਈ ਇੱਕ ਲਹੂ ਦਾ ਪ੍ਰਾਸਚਿਤ ਹੈ, ਹਰ ਸਮੇਂ, ਸਾਨੂੰ ਢੱਕ ਕੇ ਰੱਖਣ ਲਈ। ਕਾਰਨ, ਪਹਿਲੀ ਗਲਤੀ ਜੋ ਅਸੀਂ ਕੀਤੀ…

334 ਹੁਣ, ਤੁਹਾਡਾ ਕਾਨੂੰਨੀ ਵਿਚਾਰ ਹੈ। "ਔਹ, ਕੀ ਤੁਹਾਨੂੰ ਪਤਾ ਹੈ? ਉਸ ਔਰਤ ਨੂੰ ਪਵਿੱਤਰ ਕੀਤਾ ਗਿਆ ਸੀ। ਪਰ, ਪਰਮੇਸ਼ੁਰ ਭਲਾ ਕਰੇ, ਉਸਨੇ ਗਲਤ ਕੰਮ ਕੀਤਾ। ਮੈਨੂੰ ਪਤਾ ਹੈ ਕਿ ਉਹ ਪਿੱਛੇ ਹਟ ਗਈ ਹੈ।" ਇਹ ਗਲਤ ਹੈ। ਉਹ ਪਿੱਛੇ ਨਹੀਂ ਹਟਦੀ। ਉਸ ਨੇ ਇੱਕ ਗਲਤੀ ਕੀਤੀ। ਜੇ ਉਸਨੇ ਇਹ ਜਾਣ ਬੁੱਝ ਕੇ ਕੀਤੀ, ਤਾਂ ਉਹ ਸ਼ੁਰੂਆਤ ਤੋਂ ਹੀ, ਸਹੀ ਨਹੀਂ ਸੀ।

335 ਜੇ ਉਸਦਾ ਮਤਲਬ ਇਹ ਨਹੀਂ ਸੀ, ਅਤੇ ਉਹ ਪਰਮੇਸ਼ੁਰ ਦੀ ਪਵਿੱਤਰ ਕਲੀਸਿਯਾ ਅੱਗੇ ਆਉਂਦੀ ਹੈ ਅਤੇ ਇਸਦਾ ਇਕਰਾਰ ਕਰਦੀ ਹੈ, ਅਤੇ ਕਹਿੰਦੀ ਹੈ, "ਮੈਂ ਗਲਤ ਹਾਂ, ਅਤੇ ਤੁਸੀਂ ਮੈਨੂੰ ਮਾਫ ਕਰ ਦਿਓ," ਤੁਸੀਂ ਇਸ ਨੂੰ ਕਰਨ ਲਈ ਪਾਬੰਦ ਹੋ। ਤੁਸੀਂ ਇਹ ਆਪਣੇ ਦਿਲ ਤੋਂ ਨਹੀਂ ਕਰਦੇ, ਤਾਂ ਫਿਰ ਤੁਹਾਨੂੰ ਖੁਦ ਜਗਵੇਦੀ ਤੇ ਜਾਣਾ ਚਾਹੀਦਾ ਹੈ। ਸੱਚ ਹੈ। ਇਹ ਕਲੀਸਿਯਾ ਵਿੱਚ ਅਸਲ ਪਵਿੱਤਰਤਾਈ ਹੈ। ਇੱਥੇ ਸੱਚੀ ਪਵਿੱਤਰਤਾਈ ਹੈ, ਪਵਿੱਤਰਤਾਈ ਤੁਹਾਡੀ ਨਹੀਂ, ਪਰ ਮਸੀਹ ਦੀ ਹੈ।

336 ਮੇਰੇ ਕੋਲ ਉਸ ਨੂੰ ਭੇਟ ਕਰਨ ਲਈ ਕੋਈ ਪਵਿੱਤਰਤਾਈ ਨਹੀਂ ਹੈ। ਪਰ ਮੈਂ ਉਸਦੀ, ਔਹ, ਉਸਦੀ ਕਿਰਪਾ ਵਿੱਚ ਭਰੋਸਾ ਕਰ ਰਿਹਾ ਹਾਂ, ਅਤੇ ਇਹ ਮੇਰੇ ਦਿਲ ਵਿੱਚ ਹੈ। ਮੈਂ ਇਸ ਦੇ ਅਯੋਗ ਹਾਂ, ਮੈਂ ਇਸਦੇ ਯੋਗ ਹੋਣ ਲਈ ਕੁਝ ਨਹੀਂ ਕਰ ਸਕਦਾ ਸੀ, ਪਰ ਕਿਰਪਾ ਦੁਆਰਾ ਉਸਨੇ ਮੈਨੂੰ ਬੁਲਾਇਆ ਅਤੇ ਮੈਨੂੰ ਆਉਣ ਲਈ ਸੱਦਾ ਦਿੱਤਾ। ਅਤੇ ਮੈਂ ਉਸ ਵੱਲ ਦੇਖਿਆ, ਅਤੇ ਉਸਨੇ ਮੇਰੇ ਤੋਂ ਇੱਛਾ ਦੂਰ ਕਰ ਦਿੱਤੀ। ਮੈਂ ਹਰ ਮਹੀਨੇ, ਹਰ ਸਾਲ ਹਜ਼ਾਰਾਂ ਗਲਤੀਆਂ ਕਰਦਾ ਹਾਂ। ਯਕੀਨਨ, ਮੈਂ ਕਰਦਾ ਹਾਂ। ਪਰ ਜਦੋਂ ਮੈਂ ਦੇਖਦਾ ਹਾਂ ਕਿ ਮੈਂ ਗਲਤ ਹਾਂ, ਮੈਂ ਕਹਿੰਦਾ ਹਾਂ, "ਪਰਮੇਸ਼ੁਰ, ਮੇਰਾ ਇਹ ਮਤਲਬ ਨਹੀਂ ਸੀ, ਤੁਸੀਂ ਮੇਰੇ ਦਿਲ ਨੂੰ ਜਾਣਦੇ ਹੋ। ਮੇਰਾ ਅਜਿਹਾ ਕਰਨ ਦਾ ਮਤਲਬ ਨਹੀਂ ਸੀ। ਮੈਂ ਉਸ ਵਿੱਚ ਫਸ ਗਿਆ ਸੀ। ਮੇਰਾ ਮਤਲਬ ਇਹ ਨਹੀਂ ਸੀ। ਤੁਸੀਂ ਮੈਨੂੰ ਮਾਫ਼ ਕਰ ਦਿਓ, ਪ੍ਰਭੂ।"

337 ਜੇ ਮੈਂ ਆਪਣੇ ਭਾਈ ਨਾਲ ਗਲਤ ਕੀਤਾ ਹੈ, ਮੈਂ ਕਹਾਂਗਾ, "ਭਾਈ, ਮੈਨੂੰ ਮਾਫ਼ ਕਰ ਦਿਓ। ਮੇਰਾ ਅਜਿਹਾ ਕਰਨ ਦਾ ਮਤਲਬ ਨਹੀਂ ਸੀ। ਯਕੀਨਨ, ਪਰਮੇਸ਼ੁਰ ਮੇਰੇ ਦਿਲ ਨੂੰ ਜਾਣਦਾ ਹੈ।"

338 ਔਹ, ਉੱਥੇ ਤੁਸੀਂ ਹੋ। ਉੱਥੇ ਲਹੂ ਦਾ ਬਲੀਦਾਨ ਹੈ। ਉੱਥੇ ਇੰਜੀਲ ਦੀ ਸ਼ਕਤੀ ਹੈ, ਜਿਸ ਨਾਲ ਪਵਿੱਤਰ ਕਲੀਸਿਯਾ ਅੱਗੇ ਵਧ ਰਹੀ ਹੈ। ਇਸ ਲਈ

ਨਹੀਂ ਕਿ ਤੁਸੀਂ ਕੁਝ ਕੀਤਾ ਹੈ; ਇਹ ਉਹ ਚੀਜ਼ ਹੈ ਜਿਸ ਨਾਲ ਤੁਹਾਡਾ ਕੋਈ ਲੈਣਾ-ਦੇਣਾ ਨਹੀਂ ਸੀ। ਉੱਥੇ ਪ੍ਰਾਸਚਿਤ ਹੈ।

339 ਹੁਣ, ਇਹ ਮਲਕਿਸਿਦਕ, ਜਦੋਂ ਉਹ ਬਾਹਰ ਆਇਆ।

340 ਮੈਂ ਤੁਹਾਨੂੰ ਇੱਕ ਹੋਰ ਗੱਲ ਦੱਸਣਾ ਚਾਹੁੰਦਾ ਹਾਂ। ਕੀ ਤੁਸੀਂ ਕਦੇ ਇੱਕ—ਇੱਕ ਕੱਚ ਦਾ ਤਿਕੋਣਾ ਟੁਕੜਾ ਵੇਖਿਆ ਹੈ? ਤੁਸੀਂ ਕੱਚ ਦਾ ਇੱਕ ਟੁਕੜਾ ਲਓ ਜੋ ਤਿੰਨ ਕੋਨੇ ਵਾਲਾ ਹੈ, ਅਤੇ ਇਸਨੂੰ ਰੱਖੋ ਤਾਂ ਜੋ ਸੂਰਜ ਇਸਤੇ ਚਮਕ ਸਕੇ, ਇਹ ਸੱਤ ਸੰਪੂਰਨ ਰੰਗ ਪੈਦਾ ਕਰੇਗਾ। ਕੱਚ ਦਾ ਇੱਕ ਤਿਕੋਣਾ ਟੁਕੜਾ ਸਤਰੰਗੀ ਪੀਂਘ ਪੈਦਾ ਕਰੇਗਾ। ਇਹ ਬਿਲਕੁਲ ਸਹੀ ਹੈ। ਹੁਣ, ਜੇ ਸਾਡੇ ਕੋਲ ਸਮਾਂ ਹੁੰਦਾ, ਤਾਂ ਅਸੀਂ ਇਸ ਵੱਲ ਜਾਂਦੇ। ਤਿੰਨ ਸਿੱਧਤਾ ਲਿਆਉਂਦਾ ਹੈ: ਪਿਤਾ, ਪੁੱਤਰ, ਪਵਿੱਤਰ ਆਤਮਾ; ਧਰਮੀ ਠਹਿਰਾਉਣਾ, ਪਵਿੱਤਰੀਕਰਨ, ਪਵਿੱਤਰ ਆਤਮਾ ਦਾ ਬਪਤਿਸਮਾ। ਉਥੇ ਤੁਸੀਂ ਹੋ। ਸਿੱਧਤਾ ਤਿੰਨਾਂ ਦੁਆਰਾ ਆਉਂਦੀ ਹੈ। ਪਰਮੇਸ਼ੁਰ, ਮਨੁੱਖ ਤੋਂ ਉੱਪਰ; ਪਰਮੇਸ਼ੁਰ, ਮਨੁੱਖ ਵਿੱਚ ਜਿਸਨੂੰ ਯਿਸੂ ਕਿਹਾ ਜਾਂਦਾ ਹੈ; ਪਰਮੇਸ਼ੁਰ, ਕਲੀਸਿਯਾ ਵਿੱਚ। ਫਿਰ, ਸਿੱਧਤਾ।

341 ਮਨੁੱਖ ਨੇ ਪਾਪ ਕੀਤਾ, ਜਿੰਨਾ ਚਿਰ ਪਰਮੇਸ਼ੁਰ *ਇੱਥੇ* ਅੱਗ ਦੇ ਥੰਮ੍ਹ ਵਿੱਚ ਸੀ। ਪਰਮੇਸ਼ੁਰ...ਮਨੁੱਖ ਨੇ ਪਾਪ ਕੀਤਾ, ਸਗੋਂ, ਪਰਮੇਸ਼ੁਰ ਅੱਗੇ, ਜਿੰਨਾ ਚਿਰ ਪਰਮੇਸ਼ੁਰ ਅੱਗ ਦੇ ਥੰਮ੍ਹ ਵਿੱਚ ਸੀ, ਕਿਉਂਕਿ ਉਹ ਅਜੇ ਵੀ ਇੱਕ ਅਸ਼ੁੱਧ ਪ੍ਰਾਣੀ ਸੀ, ਜਾਨਵਰਾਂ ਦਾ ਲਹੂ ਉਸਦੇ ਸਾਹਮਣੇ ਰੱਖਿਆ ਗਿਆ ਸੀ।

342 ਫਿਰ ਪਰਮੇਸ਼ੁਰ ਦਾ ਲੇਲਾ ਆਇਆ, ਪਰਮੇਸ਼ੁਰ ਦਾ ਦੂਜਾ ਨਿਸ਼ਚਿਤ ਕਦਮ; ਉਹੀ ਪਰਮੇਸ਼ੁਰ, ਇਕ ਹੋਰ ਦਫਤਰ। ਅਤੇ ਫਿਰ ਇਹ ਪਰਮੇਸ਼ੁਰ... ਮਸੀਹ ਵਿੱਚ ਸੀ, ਉਹੀ ਪਰਮੇਸ਼ੁਰ ਸੀ ਜੋ ਅੱਗ ਦੇ ਥੰਮ੍ਹ ਵਿੱਚ ਸੀ। ਅਤੇ ਉਹੀ ਪਰਮੇਸ਼ੁਰ ਦੇਹਧਾਰੀ ਹੋਇਆ ਅਤੇ ਸਾਡੇ ਵਿੱਚ ਵੱਸਿਆ। ਅਤੇ ਫਿਰ ਮਨੁੱਖ ਨੇ ਉਸਦਾ ਮਜ਼ਾਕ ਉਡਾਇਆ, ਇਹ ਅਜੇ ਵੀ ਇਸਦੇ ਲਈ ਜਵਾਬਦੇਹ ਸੀ। ਅਜੇ ਤੱਕ ਕੋਈ ਲਹੂ ਨਹੀਂ ਵਹਾਇਆ ਗਿਆ ਸੀ। ਇਹ ਠੀਕ ਹੈ। ਯਿਸੂ ਨੇ ਕਿਹਾ, "ਮੈਂ ਤੁਹਾਨੂੰ ਮਾਫ਼ ਕਰ ਦਿਆਂਗਾ।"

343 ਪਰ ਫਿਰ ਉਹੀ ਜੋ ਦੇਹਧਾਰੀ ਹੋਇਆ ਸੀ, ਦੁਬਾਰਾ ਅੱਗ ਦਾ ਥੰਮ੍ਹ ਬਣ ਗਿਆ। "ਮੈਂ ਪਰਮੇਸ਼ੁਰ ਤੋਂ ਆਇਆ ਹਾਂ। ਮੈਂ ਪਰਮੇਸ਼ੁਰ ਕੋਲ ਜਾਂਦਾ ਹਾਂ।" ਇੱਥੇ ਅਸੀਂ ਉਸਨੂੰ ਪੌਲੁਸ ਨਾਲ ਮਿਲਦੇ ਵੇਖਦੇ ਹਾਂ, ਦੰਮਿਸਕ ਦੇ ਰਾਹ ਤੇ, ਉਹੀ ਅੱਗ ਦੇ ਥੰਮ੍ਹ ਨੂੰ। ਅਸੀਂ ਪਤਰਸ ਨੂੰ ਜੇਲ੍ਹ ਵਿੱਚ ਉਸ ਨਾਲ ਮਿਲਦੇ ਹੋਏ ਵੇਖਦੇ ਹਾਂ, ਉਸੇ ਅੱਗ ਦੇ ਥੰਮ੍ਹ ਨਾਲ। ਯਕੀਨਨ। ਅਤੇ ਅਸੀਂ ਅੱਜ ਉਸ ਨੂੰ ਵੇਖਦੇ ਹਾਂ, ਆਪਣੇ ਵਿਚਕਾਰ, ਅੱਗ ਦੇ ਉਸੇ ਥੰਮ੍ਹ ਨੂੰ।

344 ਪਰ ਸਿੱਧਤਾ ਇਸ ਥਾਂ ਤੇ ਆ ਗਈ ਹੈ, ਕਿ ਉਹ ਵਿਚਕਾਰਲਾ ਪੁਰਖ… ਹੁਣ, ਜੇ ਇੱਥੇ ਕੋਈ ਯਹੂਦੀ ਹੋਵੇ, ਜਾਂ ਕੋਈ ਅਜਿਹਾ ਵਿਅਕਤੀ ਜੋ ਪੁਰਾਣੇ ਨੇਮ ਨੂੰ ਸਮਝਦਾ ਹੈ। ਇਸ ਨੂੰ ਸਾਬਤ ਕਰੋ, ਮੈਂ ਤੁਹਾਨੂੰ ਇਹ ਦਿਖਾਉਂਦਾ ਹਾਂ। ਮੇਰੇ ਕੋਲ ਇਸ ਸਮੇਂ, ਪੁਰਾਣਾ ਨੇਮ ਨਹੀਂ ਹੈ। ਇਹ ਹੈ—ਨਵਾਂ ਨੇਮ ਹੈ। ਪਰ ਉਸ ਰੋਟੀ ਦੀ ਭੇਟ ਵਿੱਚ ਜਿਹੜੀ ਕੋਸ਼ਰ ਦੀ ਥਾਲੀ ਉੱਤੇ ਰੱਖੀ ਹੋਈ ਸੀ, ਡੇਰਿਆਂ ਦੀ ਸਫਾਈ ਤੇ ਯਹੂਦੀ ਬਲੀਦਾਨ ਵਿੱਚ; ਕਿਸੇ ਵੀ ਯਹੂਦੀ ਨੂੰ ਪੁੱਛੋ; ਰੋਟੀ ਦੇ ਉਨ੍ਹਾਂ ਤਿੰਨ ਟੁਕੜਿਆਂ ਤੇ, ਵਿਚਕਾਰਲਾ ਟੁਕੜਾ ਟੁੱਟ ਗਿਆ ਸੀ। ਉਹ ਮਸੀਹ ਸੀ। ਵਿਚਕਾਰਲਾ ਟੁਕੜਾ ਟੁੱਟ ਗਿਆ ਸੀ; ਮਸੀਹ, ਵਿਚ-ਵਿਚਕਾਰ ਸੀ। ਇਹ ਦਿਖਾਇਆ ਕਿ ਛੁਟਕਾਰਾ ਦੇਣ ਲਈ, ਕਿਤੇ ਨਾ ਕਿਤੇ, ਕੁਝ ਤੋੜਿਆ ਜਾਵੇਗਾ। ਅਤੇ ਉਸ ਟੁਕੜੇ ਨੂੰ ਕੋਸ਼ਰ ਰੋਟੀ ਤੇ, ਛੁਟਕਾਰਾ ਮੰਨਿਆ ਜਾਂਦਾ ਸੀ।

345 ਅਤੇ ਇੱਥੇ ਉਹ ਹੈ। ਅਤੇ ਅੱਜ ਰਾਤ, ਜਦੋਂ ਅਸੀਂ ਪ੍ਰਭੂ ਭੋਜ ਲੈਂਦੇ ਹਾਂ, ਅਸੀਂ ਕੋਸ਼ਰ ਦੀ ਰੋਟੀ ਤੋੜਦੇ ਹਾਂ, ਕਿਉਂਕਿ ਇਹ ਮਸੀਹ ਦਾ ਸਰੀਰ ਹੈ। ਅਤੇ ਉਹ ਕਲਵਰੀ ਤੇ ਤੋੜਿਆ ਗਿਆ ਸੀ, ਸਾਡੇ ਪਾਪਾਂ ਦਾ ਪ੍ਰਾਸਚਿਤ ਹੋਣ ਲਈ, ਤਾਂ ਜੋ ਉਸਦੀ ਧਾਰਮਿਕਤਾ ਦੁਆਰਾ ਅਸੀਂ ਉਸਦੀ ਧਾਰਮਿਕਤਾ ਬਣ ਸਕੀਏ। ਕਿਉਂਕਿ, ਉਹ ਸਾਡਾ ਪਾਪ ਬਣ ਗਿਆ, ਤਾਂ ਜੋ ਅਸੀਂ ਉਸਦੀ ਧਾਰਮਿਕਤਾ ਬਣ ਸਕੀਏ। ਭਾਈ, ਇਹ ਨਿਰੀ ਕਿਰਪਾ ਹੈ। ਬਿਲਕੁਲ। ਇੱਥੇ ਕੋਈ ਤਰੀਕਾ ਨਹੀਂ ਹੈ, ਕੋਈ ਹੋਰ ਤਰੀਕਾ ਜਿਸ ਨਾਲ ਤੁਸੀਂ ਧਰਮੀ ਠਹਿਰ ਸਕਦੇ ਹੋ।

346 ਹੁਣ, ਇਹ ਮਲਕੀਸਿਦਕ, ਇਹ ਮਹਾਨ ਵਿਅਕਤੀ ਜੋ ਰਾਹ ਵਿੱਚ ਮਿਲਿਆ ਸੀ, ਉਸਨੇ ਭੁਗਤਾਨ ਕੀਤਾ, ਅਬਰਾਹਾਮ ਨੇ ਉਸਨੂੰ ਦਸਵੰਧ ਦਿੱਤਾ। ਉਹ ਕਿੰਨਾ ਮਹਾਨ ਆਦਮੀ ਹੋਵੇਗਾ! ਹੁਣ ਧਿਆਨ ਦਿਓ, ਜਲਦੀ।

*ਜਿਹੜਾ ਸਰੀਰ ਦੇ ਸਰਬੰਧੀ ਹੁਕਮ…ਦੇ ਅਨੁਸਾਰ ਨਹੀਂ,…*

347 ਹੁਣ ਉਸ ਕਾਨੂੰਨਵਾਦੀ ਸ਼ਰਾ ਨੂੰ ਵੇਖੋ? ਸ਼ਰਾ ਕਹਿੰਦੀ ਹੈ, "ਤੂੰ ਕਤਲ ਨਾ ਕਰ। ਤੂੰ ਵਿਭਚਾਰ ਨਾ ਕਰ। ਤੂੰ ਚੋਰੀ ਨਾ ਕਰ।"

348 ਯਿਸੂ ਨੇ ਪਿੱਛੇ ਮੁੜ ਕੇ ਕਿਹਾ, "ਪੁਰਾਣੇ ਸਮਿਆਂ ਵਿੱਚ ਕਿਹਾ ਗਿਆ ਸੀ, 'ਤੂੰ ਕਤਲ ਨਾ ਕਰ,' ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਹਰੇਕ ਜੋ ਆਪਣੇ ਭਰਾ ਉੱਤੇ ਕ੍ਰੋਧ ਕਰੇ, ਉਹ ਬਿਨਾਂ ਕਾਰਨ ਹੀ, ਉਹ ਪਹਿਲਾਂ ਹੀ ਕਤਲ ਕਰ ਚੁੱਕਾ ਹੈ। ਉਨ੍ਹਾਂ ਬਾਰੇ ਕਿਹਾ ਗਿਆ, ਪੁਰਾਣੇ ਸਮੇਂ ਵਿੱਚ, 'ਤੂੰ ਵਿਭਚਾਰ ਨਾ ਕਰ,' ਪਰ ਮੈਂ ਤੁਹਾਨੂੰ ਆਖਦਾ ਹਾਂ, ਜੋ ਕੋਈ ਕਿਸੇ ਔਰਤ ਵੱਲ ਬੁਰੀ ਇੱਛਾ ਨਾਲ ਵੇਖਦਾ ਹੈ, ਉਸਦੇ ਨਾਲ ਆਪਣੇ ਦਿਲ ਵਿੱਚ ਪਹਿਲਾਂ ਹੀ ਵਿਭਚਾਰ ਕਰ ਚੁੱਕਾ ਹੈ।" ਉਥੇ ਤੁਸੀਂ ਹੋ। ਔਰਤਾਂ ਨੂੰ ਸਿਖਾਉਣਾ ਚਾਹੀਦਾ ਹੈ ਕਿ ਕਿਵੇਂ ਕੱਪੜੇ ਪਾਉਣੇ ਹਨ, ਜੋ ਸਹੀ ਹੈ ਉਹ ਕਿਵੇਂ ਕਰਨਾ ਹੈ। ਤੁਸੀਂ ਗਲਤ ਪਹਿਰਾਵਾ ਪਾਉਂਦੀਆਂ

ਹੋ, ਅਤੇ ਮਰਦਾਂ ਨੂੰ ਤੁਹਾਡੇ ਵੱਲ ਗਲਤ ਤਰੀਕੇ ਨਾਲ ਦੇਖਣ ਲਈ ਮਜਬੂਰ ਕਰਦੀਆਂ ਹੋ, ਤੁਸੀਂ ਵਿਭਚਾਰ ਕਰਨ ਦੇ ਦੋਸ਼ੀ ਹੋ, ਉਸੇ ਤਰ੍ਹਾਂ ਜਿਵੇਂ ਤੁਸੀਂ ਇਹ ਕੰਮ ਕੀਤਾ ਹੋਵੇ। ਯਿਸੂ ਨੇ ਅਜਿਹਾ ਕਿਹਾ ਹੈ।

349 ਅਤੇ ਤੁਸੀਂ ਇਹਨਾਂ ਆਰੇ ਦੇ ਬਲੇਡ ਵਰਗੇ ਗੁੱਸੇ ਵਾਲੇ ਲੋਕੋ, ਜੋ ਹਮੇਸ਼ਾ ਕਿਸੇ ਦੇ ਮੂੰਹ ਤੇ ਥੁੱਕਦੇ ਰਹਿੰਦੇ ਹੋ, ਨਹੀਂ ਰੱਖ ਸਕਦੇ, ਅਤੇ ਇਸ ਤਰ੍ਹਾਂ ਦੀਆਂ ਚੀਜ਼ਾਂ। ਧਿਆਨ ਰੱਖੋ। ਤੁਸੀਂ ਦੋਸ਼ੀ ਹੋ ਜੇ ਤੁਸੀਂ ਆਪਣੇ ਭਰਾ ਦੇ ਵਿਰੁੱਧ ਅਜਿਹਾ ਸ਼ਬਦ ਬੋਲਦੇ ਹੋ ਜੋ ਸਹੀ ਨਹੀਂ ਹੈ, ਸਿਰਫ਼ ਇਹ ਨਹੀਂ, ਏਧਰ ਓਧਰ ਜਾਂਦੇ ਹੋ ਅਤੇ ਉਸ ਨੂੰ ਪਾੜ ਦਿੰਦੇ ਹੋ। ਤੁਹਾਨੂੰ ਕਿਸੇ ਆਦਮੀ ਨੂੰ ਮਾਰਨ ਲਈ ਉਸ ਦੀ ਪਿੱਠ ਵਿੱਚ ਚਾਕੂ ਮਾਰਨ ਦੀ ਲੋੜ ਨਹੀਂ ਹੈ। ਤੁਸੀਂ ਉਸਦੇ ਚਰਿੱਤਰ ਨੂੰ ਤੋੜ ਸਕਦੇ ਹੋ ਅਤੇ ਉਸਨੂੰ ਮਾਰ ਸਕਦੇ ਹੋ, ਉਸਦੇ ਪ੍ਰਭਾਵ ਨੂੰ ਮਾਰ ਸਕਦੇ ਹੋ। ਇੱਥੇ ਆਪਣੇ ਪਾਦਰੀ ਦੇ ਵਿਰੁੱਧ ਬੋਲਦੇ ਹੋ, ਉਸ ਬਾਰੇ ਕੁਝ ਬੁਰਾ ਕਹਿੰਦੇ ਹੋ, ਤਾਂ ਤੁਸੀਂ ਉਸ ਨੂੰ ਗੋਲੀ ਹੀ ਮਾਰ ਦਿੰਦੇ ਹੋ। ਕੁਝ ਅਜਿਹਾ ਦੱਸਦੇ ਹੋ ਜੋ ਉਸਦੇ ਬਾਰੇ ਸਹੀ ਨਹੀਂ ਸੀ, ਖੈਰ, ਇਹ ਲੋਕਾਂ ਵਿੱਚ ਉਸਦੇ ਪ੍ਰਭਾਵ ਨੂੰ ਖਤਮ ਕਰ ਦੇਵੇਗਾ ਅਤੇ ਅਜਿਹੀਆਂ ਚੀਜਾਂ, ਅਤੇ ਤੁਸੀਂ ਇਸਦੇ ਲਈ ਦੋਸ਼ੀ ਹੋ। ਯਿਸੂ ਨੇ ਇਹ ਕਿਹਾ ਸੀ।

350 ਹੁਣ, ਇੱਥੇ ਸੁਣੋ, ਪੌਲੁਸ ਇੱਥੇ ਕੀ—ਕੀ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਮੈਨੂੰ ਇਹ ਪੁਰਾਣੀ ਬਾਈਬਲ ਪਸੰਦ ਹੈ। ਇਹ ਤੁਹਾਨੂੰ ਸਿੱਧਾ ਕਰਦੀ ਹੈ। ਦੇਖੋ, ਔਹ, ਬਸ ਇੱਥੇ ਦੇਖੋ। ਹੁਣ, ਜਦ ਅਸੀਂ ਪੜ੍ਹਦੇ ਹਾਂ ਚੌਥ-…"ਇਹ ਹੈ… ਕਿਉਂ ਜੋ ਇਹ ਪਰਗਟ ਹੈ ਭਈ ਸਾਡਾ ਪ੍ਰਭੁ ਯਹੂਦਾਹ ਵਿੱਚੋਂ ਨਿੱਕਲਿਆ-…" ਰੁਕੋ, ਮੇਰਾ ਮੰਨਣਾ ਹੈ ਕਿ ਮੇਰੇ ਕੋਲ ਇੱਕ ਹੋਰ ਆਇਤ ਹੈ ਜੋ ਮੈਂ ਪੜ੍ਹਨ ਜਾ ਰਿਹਾ ਸੀ। ਨਹੀਂ, ਇੱਥੇ ਹੇਠਾਂ 16ਵੀਂ ਤੇ।

*ਜਿਹੜਾ ਸਰੀਰ ਦੇ ਸਰਬੰਧੀ ਹੁਕਮ…ਦੇ ਅਨੁਸਾਰ ਨਹੀਂ,…*

351 ਇਹ ਕਾਨੂੰਨੀ ਹੈ, ਤੁਸੀਂ ਦੇਖੋ। "ਹੇ ਭਾਈ, ਮੈਨੂੰ—ਮੈਨੂੰ ਨਹੀਂ ਕਰਨਾ ਚਾਹੀਦਾ। ਮੈਨੂੰ ਨਹੀਂ ਕਰਨਾ ਚਾਹੀਦਾ। ਮੈਂ ਜਾਣਦਾ ਹਾਂ, ਪਰ ਮੈਂ…" ਇਹ ਓਹ ਨਹੀਂ ਹੈ। ਇਹ ਪ੍ਰੇਮ ਹੈ ਜੋ ਇਹ ਕਰਦਾ ਹੈ।

352 ਅਸੀਂ ਇਸ ਵਿੱਚੋਂ ਕਿਵੇਂ ਲੰਘੇ! ਮੈਂ ਕਿਹਾ, "ਜੇ ਮੈਂ ਆਪਣੀ ਪਤਨੀ ਨੂੰ ਕਹਾਂ…ਮੇਰੀ ਪਤਨੀ ਬਾਰੇ, 'ਆਹ, ਅੱਛਾ, ਮੈਂ—ਮੈਂ—ਮੈਂ ਦੋ ਪਤਨੀਆਂ ਰੱਖਣਾ ਚਾਹੁੰਦਾ ਹਾਂ। ਮੈਂ *ਇਸ* ਦੇ ਨਾਲ ਭੱਜਣਾ ਚਾਹਾਂਗਾ, ਇੱਥੇ *ਇਹ* ਰੱਖਣਾ ਚਾਹਾਂਗਾ। ਪਰ, ਜੇ ਮੈਂ ਕਰਦਾ ਹਾਂ, ਤਾਂ ਮੇਰੀ ਪਤਨੀ ਮੈਨੂੰ ਤਲਾਕ ਦੇ ਦੇਵੇਗੀ, ਅਤੇ ਮੇਰੇ ਬੱਚੇ ਇਸ ਵਿੱਚ…ਮੇਰੀ ਸੇਵਕਾਈ ਖਤਮ ਹੋ ਜਾਵੇਗੀ।'" ਤੁਸੀਂ

ਗੰਦੇ, ਸੜੇ ਹੋਏ ਪਖੰਡੀ ਹੋ। ਇਹ ਠੀਕ ਹੈ। ਪਹਿਲੀ ਗੱਲ, ਤੁਸੀਂ ਉਸਨੂੰ ਪਿਆਰ ਨਹੀਂ ਕਰਦੇ। ਇਹ ਬਿਲਕੁਲ ਸਹੀ ਹੈ।

353 ਜੇ ਤੁਸੀਂ ਉਸ ਨੂੰ ਪਿਆਰ ਕਰਦੇ ਹੋ, ਤਾਂ ਇਸ ਬਾਰੇ ਕੋਈ ਕਾਨੂੰਨ ਨਹੀਂ ਹੋਵੇਗਾ। ਤੁਸੀਂ ਉਸ ਨੂੰ ਪਿਆਰ ਕਰੋਗੇ, ਕਿਸੇ ਵੀ ਤਰ੍ਹਾਂ, ਅਤੇ ਤੁਸੀਂ ਉਸ ਨਾਲ ਜੁੜੇ ਰਹੋਗੇ। ਇਹ ਬਿਲਕੁਲ ਸਹੀ ਹੈ। ਅਤੇ ਔਰਤਾਂ ਵੀ ਆਪਣੇ ਪਤੀ ਨਾਲ ਇਹੋ ਕੁਝ ਕਰਨਗੀਆਂ। ਇਹ ਠੀਕ ਹੈ।

354 ਕਈ ਵਾਰ ਔਰਤਾਂ ਸਥਾਨ ਬਣ ਜਾਂਦੀਆਂ ਹਨ, ਜਾਂ…

355 ਆਦਮੀ ਕਿਸੇ ਈਜ਼ਬਲ ਨੂੰ ਮੁਖੜਾ ਰੰਗੀ ਵੇਖਦੇ ਹਨ, ਤੁਸੀਂ ਜਾਣਦੇ ਹੋ, ਅਤੇ—ਅਤੇ ਤੁਸੀਂ ਉਸ ਦੇ ਆਲੇ ਦੁਆਲੇ ਜਾਓਗੇ, ਉਸਦੇ ਲਈ ਡਿੱਗੋਗੇ; ਸ਼ਾਇਦ ਤੁਹਾਡੇ ਕੋਲ ਇੱਕ ਚੰਗੀ ਹੈ। ਅਤੇ ਫਿਰ ਤੁਸੀਂ ਆਪਣੇ ਆਪ ਨੂੰ ਇੱਕ ਮਸੀਹੀ ਕਹਿੰਦੇ ਹੋ। ਤੁਹਾਨੂੰ ਸ਼ਰਮ ਆਣੀ ਚਾਹੀਦੀ ਹੈ। ਤੁਹਾਨੂੰ ਜਗਵੇਦੀ ਦੀ ਇੱਕ ਹੋਰ ਖੁਰਾਕ ਦੀ ਲੋੜ ਹੈ। ਇਹ ਠੀਕ ਹੈ।

356 ਅਤੇ ਤੁਹਾਡੇ ਵਿੱਚੋਂ ਕੁਝ—ਅਤੇ ਤੁਹਾਡੇ ਵਿੱਚੋਂ ਕੁਝ ਔਰਤਾਂ ਇੱਕ ਛੋਟੇ ਜਿਹੇ ਵਿਅਕਤੀ ਨੂੰ ਉਸਦੇ ਵਾਲਾਂ ਨੂੰ ਹੇਠਾਂ ਚਿਪਕਾਏ ਵੇਖਦੀਆਂ ਹਨ, ਇਸ ਤੇ ਕਾਫ਼ੀ ਵੈਸਲੀਨ ਹੁੰਦੀ ਹੈ…ਉਸ ਦਾ ਮੂੰਹ ਖੋਲ੍ਹੋ। ਅਤੇ ਫਿਰ ਤੁਸੀਂ…

357 ਕੋਈ ਛੋਟੀ ਉਮਰ ਦੀ ਕੁੜੀ, ਇੱਥੇ ਬਹੁਤ ਜਿਆਦਾ ਸਮਾਂ ਨਹੀਂ ਹੋਇਆ… ਇਹ ਕੋਈ ਮਜ਼ਾਕ ਨਹੀਂ ਹੈ, ਕਿਉਂਕਿ ਮੇਰਾ ਮਤਲਬ ਇਸ ਨੂੰ ਮਜ਼ਾਕ ਵਜੋਂ ਦੱਸਣ ਦਾ ਨਹੀਂ ਹੈ। ਪਰ ਲੋਕ ਜਾਣਦੇ ਹਨ ਕਿ ਇਹ ਮਜ਼ਾਕ ਕਰਨ ਦੀ ਥਾਂ ਨਹੀਂ ਹੈ। ਪਰ ਇੱਥੇ ਇੱਕ ਛੋਟੀ ਉਮਰ ਦੀ ਕੁੜੀ, ਉਹ…ਇੱਥੇ ਚੰਗੇ ਮੁੰਡੇ ਸਨ, ਮਸੀਹੀ ਮੁੰਡੇ। ਬਹੁਤ ਸਮਾਂ ਪਹਿਲਾਂ, ਜਦੋਂ ਮੈਂ ਇੱਥੇ ਪਾਸਟਰੀ ਕਰਦਾ ਹੁੰਦਾ ਸੀ, ਸਾਡੇ ਕੋਲ ਸਿਰਫ਼ ਨੌਜਵਾਨਾਂ ਦੀਆਂ ਜਮਾਤਾਂ ਹੁੰਦੀਆਂ ਸਨ। ਅਤੇ ਮੈਂ ਐਤਵਾਰ ਦੁਪਹਿਰ ਨੂੰ ਨੌਜਵਾਨ ਔਰਤਾਂ ਨਾਲ ਗੱਲਬਾਤ ਕਰਦਾ ਹੁੰਦਾ ਸੀ, ਸੰਭੋਗ ਅਤੇ ਚੀਜ਼ਾਂ ਬਾਰੇ। ਫਿਰ ਅਗਲੇ ਐਤਵਾਰ ਦੁਪਹਿਰ ਨੂੰ, ਨੌਜਵਾਨਾਂ ਨਾਲ ਗੱਲ ਕਰਦਾ ਸੀ, ਅਤੇ ਉਨ੍ਹਾਂ ਚੀਜ਼ਾਂ ਨੂੰ ਰੋਕਣ ਦੀ ਕੋਸ਼ਿਸ਼ ਕਰਦਾ ਸੀ।

358 ਕੋਈ ਛੋਟੀ ਕੁੜੀ ਕਿਸੇ ਪੁਰਾਣੇ ਵਿਗੜੇ ਲੜਕੇ ਨਾਲ, ਡਾਊਨਟਾਊਨ ਜਾਣ ਲੱਗੀ, ਸਿਗਰਟਾਂ ਪੀਂਦਾ ਸੀ ਅਤੇ ਜੇਬ ਵਿੱਚ ਇੱਕ ਛੋਟੀ ਬੋਤਲ ਰੱਖਦਾ ਸੀ। ਅਤੇ ਉਸਨੇ ਸ਼ਹਿਰ ਦੇ ਆਲੇ ਦੁਆਲੇ ਇੱਕ ਛੋਟੀ ਰੋਡਸਟਰ ਕਾਰ ਚਲਾਉਂਦਾ ਸੀ। ਮੈਂ ਇਹ ਨਹੀਂ ਦੇਖ ਸਕਿਆ ਕਿ ਉਸਨੇ ਉਸ ਮੁੰਡੇ ਵਿੱਚ ਕੀ ਦੇਖਿਆ। ਉਹ ਗਿਰਜੇ ਨਹੀਂ ਆਉਂਦਾ ਸੀ। ਉਹ ਉਥੇ ਬਾਹਰ ਬੈਠਦਾ ਸੀ। ਉਸਨੂੰ ਇੱਥੇ ਕਲੀਸਿਯਾ ਵਿੱਚ ਛੱਡ ਦਿੰਦਾ, ਅਤੇ ਫਿਰ ਉਹ ਉੱਥੇ ਬਾਹਰ ਬੈਠ ਜਾਂਦਾ, ਆਪਣੀ ਕਾਰ ਵਿੱਚ, ਅਤੇ ਉਡੀਕ ਕਰਦਾ, ਗਿਰਜੇ ਵਿੱਚ ਨਹੀਂ ਆਉਂਦਾ।

ਮੈਂ ਇੱਕ ਦਿਨ ਉਸਨੂੰ ਕਿਹਾ। ਉਹ ਨਿਊ ਅਲਬਾਨੀ ਵਿੱਚ ਰਹਿੰਦੀ ਸੀ। ਮੈਂ ਕਿਹਾ, "ਮੈਂ ਤੁਹਾਨੂੰ ਕੁਝ ਪੁੱਛਣਾ ਚਾਹੁੰਦਾ ਹਾਂ, ਕੁੜੀਏ। ਤੁਸੀਂ ਉਸ ਮੁੰਡੇ ਵਿੱਚ ਵਿੱਚ ਕੀ ਵੇਖਿਆ?" ਮੈਂ ਕਿਹਾ, "ਪਹਿਲੀ ਥਾਂ, ਉਹ ਉਸ ਧਰਮ ਨੂੰ ਨਫ਼ਰਤ ਕਰਦਾ ਹੈ ਜੋ ਤੁਹਾਡੇ—ਤੁਹਾਡੇ ਕੋਲ ਹੈ। ਉਹ ਤੁਹਾਡੇ ਮਸੀਹ ਨੂੰ ਤੁੱਛ ਜਾਣਦਾ ਹੈ। ਉਹ ਕਦੇ ਵੀ ਤੁਹਾਡੇ ਲਈ ਚੰਗਾ ਪਤੀ ਨਹੀਂ ਬਣੇਗਾ। ਉਹ ਤੁਹਾਨੂੰ ਸਾਰੀ ਉਮਰ, ਦੁਖੀ ਕਰ ਦੇਵੇਗਾ।" ਅਤੇ ਮੈਂ ਕਿਹਾ, "ਖੈਰ, ਇੱਥੇ ਵਧੀਆ ਮਸੀਹੀ ਮੁੰਡੇ ਹਨ ਜਿਨ੍ਹਾਂ ਨਾਲ ਤੁਸੀਂ ਜਾ ਸਕਦੇ ਹੋ। ਅਤੇ ਉੱਥੇ ਪਿਤਾ ਡੈਡੀ ਅਤੇ ਮਾਤਾ ਤੁਹਾਡੇ ਬਾਹਰ ਜਾਣ ਦੇ ਵਿਚਾਰਾਂ ਨੂੰ ਨਫ਼ਰਤ ਕਰਦੇ ਹਨ, ਪਰ ਤੁਸੀਂ ਕਿਸੇ ਵੀ ਤਰ੍ਹਾਂ ਜਾਂਦੇ ਹੋ, ਅਤੇ ਤੁਸੀਂ ਸੋਚਦੇ ਹੋ, 'ਮੈਂ ਸੋਹਣੀ ਸੋਲ੍ਹਾਂ ਸਾਲਾਂ ਦੀ ਹਾਂ।'"

359 ਉਸਨੇ ਮੇਕਅੱਪ ਕਰਨਾ ਅਤੇ ਬਾਹਰ ਭੱਜਣਾ ਸ਼ੁਰੂ ਕਰ ਦਿੱਤਾ, ਅਤੇ ਸਭ ਤੋਂ ਪਹਿਲੀ ਗੱਲ, ਉਹ ਰੋਡਹਾਊਸ ਵਿੱਚ ਸੀ। ਉਹ ਹੁਣ ਸਦਾ ਲਈ ਚਲੀ ਗਈ ਹੈ। ਪਰ, ਭਾਵੇਂ, ਉਹ ਇੱਥੇ ਖੜ੍ਹੀ ਸੀ। ਅਤੇ ਤੁਸੀਂ ਜਾਣਦੇ ਹੋ ਕਿ ਉਸ ਕੁੜੀ ਨੇ ਮੈਨੂੰ ਉੱਥੇ ਕੀ ਬਹਾਨਾ ਦਿੱਤਾ, ਕਿ ਉਹ ਉਸ ਲੜਕੇ ਨੂੰ ਪਿਆਰ ਕਰਦੀ ਸੀ? ਉਸ ਨੇ ਕਿਹਾ, "ਉਸ ਕੋਲ ਇੰਨੇ ਪਿਆਰੇ ਛੋਟੇ ਪੈਰ ਹਨ, ਅਤੇ ਉਸ ਕੋਲੋਂ ਬਹੁਤ ਵਧੀਆ ਮਹਿਕ ਆਉਂਦੀ ਹੈ।" ਕੀ ਤੁਸੀਂ ਇਸਦੀ ਕਲਪਨਾ ਕਰ ਸਕਦੇ ਹੋ? ਆਪਣੇ ਆਪ ਨੂੰ ਸੁਗੰਧਿਤ ਕਰਨਾ, ਇਹ ਇੱਕ ਜਨਾਨਕਾ ਹੈ, ਇੱਕ ਆਦਮੀ ਨਹੀਂ।

360 "ਦੇਖੋ," ਮੈਂ ਕਿਹਾ, "ਭੈਣ, ਇਸ ਦੇ ਨਾਲੋਂ ਮੈਂ ਇੱਕ ਮਸੀਹੀ ਲੜਕੇ ਨਾਲ ਜਾਣਾ ਪਸੰਦ ਕਰਾਂਗਾ ਜਿਸਦੇ ਪੈਰ ਪਰਲੂ ਵਰਗੇ ਹੋਣ ਅਤੇ ਇੱਕ ਬਿੱਲੀ ਵਾਂਗ ਬਦਬੂ ਮਾਰਦਾ ਹੋਵੇ, ਜੇ ਉਹ ਇੱਕ ਸਚਾ ਮਸੀਹੀ ਹੈ।" ਇਹ ਠੀਕ ਹੈ। ਸੱਚ ਹੈ। ਹਾਂ।

361 ਇਹ ਬਹਾਨਾ ਹੈ, "ਅਜਿਹੇ ਪਿਆਰੇ ਛੋਟੇ ਪੈਰ, ਅਤੇ ਬਹੁਤ ਵਧੀਆ ਸੁਗੰਧ।" ਇੱਕ ਰੋਡ ਹਾਊਸ ਚਲਾਉਣ ਵਾਲੇ ਨੇ, ਆਖਰਕਾਰ ਲੜਕੀ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ। ਇਹ ਸ਼ਰਮਨਾਕ, ਨਮੋਸ਼ੀ ਭਰੀ ਗੱਲ ਹੈ।

362 ਵਿਆਹ ਆਦਰ ਯੋਗ ਹੈ, ਪਰ ਇਸ ਵਿੱਚ ਪ੍ਰਾਰਥਨਾ ਅਤੇ ਸ਼ਰਧਾ ਨਾਲ ਦਾਖਲ ਹੋਣਾ ਚਾਹੀਦਾ ਹੈ। ਅਤੇ ਉਸ ਔਰਤ ਲਈ ਸੱਚਾ ਪਿਆਰ ਤੁਹਾਨੂੰ ਹਮੇਸ਼ਾ ਲਈ ਜੋੜ ਦੇਵੇਗਾ। "ਜੋ ਤੁਸੀਂ ਧਰਤੀ ਉੱਤੇ ਬੰਨ੍ਹੋਗੇ, ਮੈਂ ਸਵਰਗ ਵਿੱਚ ਬੰਨ੍ਹਾਂਗਾ।" ਜਦੋਂ ਤੁਸੀਂ ਗਲੀ ਵਿੱਚ ਤੁਰਦੇ ਹੋ, ਤਾਂ ਉਹ ਬੁੱਢੀ ਅਤੇ ਘਸਮੈਲੀ ਅਤੇ ਝੁਰੜੀਆਂ ਵਾਲੀ ਹੋ ਸਕਦੀ ਹੈ, ਪਰ ਉਹੀ ਪਿਆਰ ਜੋ ਤੁਹਾਡੇ ਕੋਲ ਉਸ ਲਈ ਸੀ ਜਦੋਂ ਉਹ ਇੱਕ ਜਵਾਨ, ਸੁੰਦਰ ਔਰਤ ਸੀ, ਉਹ ਤੁਹਾਡੇ ਕੋਲ ਫਿਰ ਵੀ ਰਹੇਗਾ।

363 ਤੁਸੀਂ ਝੁਕਦੇ-ਮੋਢਿਆਂ ਵਾਲੇ, ਗੰਜੇ ਸਿਰ ਵਾਲੇ, ਅਤੇ ਝੁਰੜੀਆਂ ਵਾਲੇ ਚਿਹਰੇ ਵਾਲੇ ਅਤੇ ਹੋਰ ਸਭ ਕੁਝ ਹੋ ਸਕਦੇ ਹੋ, ਪਰ ਉਹ ਤੁਹਾਨੂੰ ਉਸੇ ਤਰ੍ਹਾਂ ਪਿਆਰ ਕਰੇਗੀ ਜਿਵੇਂ ਉਹ ਉਦੋਂ ਕਰਦੀ ਸੀ ਜਦੋਂ ਤੁਸੀਂ ਚੌੜੇ ਮੋਢਿਆਂ ਅਤੇ ਘੁੰਗਰਾਲੇ ਵਾਲਾਂ ਨਾਲ ਖੜ੍ਹੇ ਹੁੰਦੇ ਸੀ, ਜੇਕਰ ਇਹ ਸੱਚਮੁੱਚ ਪਰਮੇਸ਼ੁਰ ਹੈ। ਕਿਉਂਕਿ ਤੁਸੀਂ ਉਸ ਸਮੇਂ ਦੀ ਤਲਾਸ਼ ਕਰ ਰਹੇ ਹੋ ਜਦੋਂ ਤੁਸੀਂ ਦਰਿਆ ਨੂੰ ਪਾਰ ਕਰੋਗੇ, ਜਦੋਂ ਤੁਸੀਂ ਦੁਬਾਰਾ ਖਿੜੋਗੇ, ਜਵਾਨ ਮਰਦ ਅਤੇ ਔਰਤ ਬਣਨ ਲਈ, ਹਮੇਸ਼ਾ ਲਈ ਇਕੱਠੇ ਰਹਿਣ ਲਈ। ਇਹ ਪਰਮੇਸ਼ੁਰ ਦਾ ਸਦੀਪਕ ਵਾਅਦਾ ਹੈ। ਉਸਨੇ ਕਿਹਾ ਕਿ ਉਹ ਇਹ ਕਰੇਗਾ। ਉਸਨੇ, ਸਿਰਫ ਇਹ ਹੀ ਨਹੀਂ, ਅਸੀਂ ਇੱਕ ਮਿੰਟ ਵਿੱਚ ਇਸ ਤੇ ਪਹੁੰਚ ਜਾਵਾਂਗੇ, ਉਸਨੇ ਸਹੁੰ ਖਾਧੀ ਕਿ ਉਹ ਇਹ ਕਰੇਗਾ।

364 ਇਸ ਨੂੰ ਸੁਣੋ, ਜਿਵੇਂ ਅਸੀਂ ਅੱਗੇ ਜਾਂਦੇ ਹਾਂ।

> *ਜਿਹੜਾ ਸਰੀਰ ਦੇ,...ਸਰਬੰਧੀ ਹੁਕਮ ਦੇ...ਅਨੁਸਾਰ ਨਹੀਂ, ਪਰ ਅਵਨਾਸੀ ਜੀਵਨ ਦੀ ਸ਼ਕਤੀ ਦੇ...ਅਨੁਸਾਰ ਬਣਿਆ ਹੈ।*

365 ਹੁਣ ਅਸੀਂ ਤੇਜ਼ੀ ਨਾਲ ਪੜ੍ਹਨ ਜਾ ਰਹੇ ਹਾਂ, ਤਾਂ ਜੋ ਅਸੀਂ ਇਸਨੂੰ ਲੈ ਸਕੀਏ।

> *ਕਿਉਂ ਜੋ ਇਹ ਸਾਖੀ ਦਿੱਤੀ ਹੋਈ ਹੈ, ਤੂੰ ਮਲਕਿਸਿਦਕ ਦੀ ਪਦਵੀ ਦੇ ਅਨੁਸਾਰ ਸਦਾ ਤੀਕ ਦਾ ਜਾਜਕ ਹੈਂ।।*

ਜਿੰਨਾ ਚਿਰ ਇੱਕ ਜਾਜਕ ਦੀ ਲੋੜ ਪਵੇਗੀ, ਉਹ ਇੱਕ ਜਾਜਕ ਹੋਵੇਗਾ।

> *ਕਿਉਂਕਿ ਇਹ ਪ੍ਰਤੱਖ ਹੈ ਅਗਲਾ ਹੁਕਮ...ਨਤਾਣਾ ਅਤੇ ਨਿਸਫਲ ਹੋਣ ਕਰਕੇ ਰੱਦੀ ਹੋ ਜਾਂਦਾ ਹੈ।*

> *ਕਿਉਂਕਿ ਸ਼ਰਾ ਨੇ ਕੁਝ ਵੀ ਸੰਪੂਰਨ ਨਹੀਂ ਕੀਤਾ,...*

366 ਤੁਸੀਂ ਨਹੀਂ ਕਰ ਸਕਦੇ, ਭਾਵੇਂ ਤੁਸੀਂ ਕੁਝ ਵੀ ਕਰੋ। ਤੁਸੀਂ ਸ਼ਰਾਬ ਪੀਣੀ ਛੱਡੋ, ਸਿਗਰਟ ਪੀਣੀ ਛੱਡੋ, ਝੂਠ ਬੋਲਣਾ ਛੱਡ ਦਿਓ, ਗਿਰਜੇ ਜਾਓ ਅਤੇ *ਇਹ* ਕਰਨ ਦੀ ਕੋਸ਼ਿਸ਼ ਕਰੋ ਅਤੇ *ਉਹ* ਕਰਨ ਦੀ ਕੋਸ਼ਿਸ਼ ਕਰੋ, ਤੁਸੀਂ ਅਜੇ ਵੀ ਸਰੀਰਕ ਹੋ। ਇਹ ਸਿਰਫ਼ ਸ਼ਰਾ ਹੈ। ਸ਼ਰਾ ਕੁਝ ਵੀ ਸੰਪੂਰਨ ਨਹੀਂ ਬਣਾਉਂਦੀ। ਪਰ ਕੀ ਸੰਪੂਰਣ ਬਣਾਉਂਦਾ ਹੈ? ਮਸੀਹ। ਮਹਿਮਾ! ਮੈਂ ਝੂਠ ਬੋਲਣਾ ਛੱਡ ਸਕਦਾ ਹਾਂ, ਚੋਰੀ ਛੱਡ ਸਕਦਾ ਹਾਂ, ਵਿਭਚਾਰ ਛੱਡ ਸਕਦਾ ਹਾਂ, ਤੰਬਾਕੂ ਚਬਾਉਣਾ ਛੱਡ ਸਕਦਾ ਹਾਂ, ਸਾਰੀਆਂ ਚੀਜ਼ਾਂ ਛੱਡ ਸਕਦਾ ਹਾਂ, ਅਤੇ ਮੈਂ ਫਿਰ ਵੀ ਸਰੀਰਕ ਰਹਾਂਗਾ। ਪਰਮੇਸ਼ੁਰ ਇਸ ਨੂੰ ਸਵੀਕਾਰ ਨਹੀਂ ਕਰਦਾ, ਕਿਉਂਕਿ ਮੇਰੇ ਕੋਲ ਉਸਨੂੰ ਪ੍ਰਾਸਚਿਤ ਵਿੱਚ ਦੇਣ ਲਈ ਕੁਝ ਨਹੀਂ ਹੈ।

367 ਪਰ ਜਿਸ ਪਲ ਮੈਂ ਪ੍ਰਭੂ ਯਿਸੂ ਦੇ ਮੁਬਾਰਕ ਸਿਰ ਉੱਤੇ ਹੱਥ ਰੱਖਦਾ ਹਾਂ, ਅਤੇ ਕਹਿੰਦਾ ਹਾਂ, "ਪ੍ਰਭੂ, ਮੈਂ ਚੰਗਾ ਨਹੀਂ ਹਾਂ। ਕੀ ਤੂੰ ਮੈਨੂੰ ਆਪਣਾ ਸੇਵਕ ਬਣਾ ਲਵੇਂਗਾ?" ਅਤੇ ਪਰਮੇਸ਼ੁਰ ਮੇਰੇ ਪਾਪ ਨੂੰ ਚੁੰਮ ਕੇ ਦੂਰ ਕਰ ਦਿੰਦਾ ਹੈ, ਮੈਂ ਪਰਮੇਸ਼ੁਰ ਦੀ ਨਜ਼ਰ ਵਿੱਚ ਸੰਪੂਰਨ ਖੜ੍ਹਾ ਹਾਂ। ਇਹ ਠੀਕ ਹੈ। ਕਿਉਂ? ਮੈਂ ਆਪਣੀ ਯੋਗਤਾ ਤੇ ਨਹੀਂ ਖੜ੍ਹਾ ਹਾਂ। ਮੈਂ ਉਸਦੇ ਉੱਤੇ ਖੜ੍ਹਾ ਹਾਂ। ਅਤੇ ਉਸਨੇ ਸਾਨੂੰ ਸੰਪੂਰਨ ਕੀਤਾ ਹੈ, ਆਪਣੇ ਦੁੱਖ ਝੱਲਣ ਅਤੇ ਲਹੂ ਵਹਾਉਣ ਦੁਆਰਾ।

368 ਮੈਂ ਦੇਖਦਾ ਹਾਂ ਕਿ ਇਹ ਸਮਾਪਤ ਕਰਨ ਦਾ ਸਮਾਂ ਹੈ। ਪਰ ਜੇ ਮੈਂ ਕਰ ਸਕਦਾ ਹਾਂ, ਤਾਂ ਮੈਂ ਇਸਨੂੰ ਜਲਦੀ ਪੜ੍ਹਨਾ ਚਾਹੁੰਦਾ ਹਾਂ।

> *...ਨਿਸਫਲ ਹੋਣ ਕਰਕੇ ਰੱਦੀ ਹੋ ਜਾਂਦਾ ਹੈ।*
>
> *ਕਿਉਂਕਿ ਸ਼ਰਾ ਨੇ ਕੁਝ ਭੀ ਸੰਪੂਰਨ ਨਹੀਂ ਕੀਤਾ, ਅਤੇ ਉਹ ਦੇ ਥਾਂ ਉਸ ਨਾਲੋਂ ਇੱਕ ਚੰਗੀ ਆਸਾ ਰੱਖੀ ਪਈ ਹੈ;* (ਇਸ ਤੋਂ ਵਧੀਆ ਉਮੀਦ ਕੀ ਹੈ? ਮਸੀਹ।) *ਜਿਹ ਦੇ ਰਾਹੀਂ ਅਸੀਂ ਪਰਮੇਸ਼ੁਰ ਦੇ ਨੇੜੇ ਅੱਪੜਦੇ ਹਾਂ।*

369 ਕਿਉਂ? ਸਾਡੀਆਂ ਸਾਰੀਆਂ ਚੰਗਿਆਈਆਂ ਵਿੱਚ, ਅਤੇ ਸਾਡੀਆਂ ਸਾਰੀਆਂ ਚੰਗਿਆਈਆਂ, ਅਤੇ ਸਾਡੀਆਂ ਸਾਰੀਆਂ ਚੰਗਿਆਈਆਂ ਦੁਆਰਾ, ਅਸੀਂ ਅਜੇ ਵੀ ਸਰੀਰਕ ਹਾਂ। ਪਰ ਇੱਕ ਵਾਰ ਪਰਮੇਸ਼ੁਰ ਦੀ ਹਜ਼ੂਰੀ ਵਿੱਚ, ਇਹ ਜਾਣ ਕੇ ਕਿ ਅਸੀਂ ਕਦੇ ਵੀ ਉਥੇ ਖੜੇ ਨਹੀਂ ਹੋ ਸਕਦੇ, ਪਰ ਕੇਵਲ ਯਿਸੂ ਮਸੀਹ ਦੀ ਯੋਗਤਾ ਦੁਆਰਾ, ਤਦ ਅਸੀਂ ਪਰਮੇਸ਼ੁਰ ਦੇ ਨੇੜੇ ਆਉਂਦੇ ਹਾਂ, ਉਸ ਦੇ ਪੁੱਤਰ ਦੀ ਯੋਗਤਾ ਦੁਆਰਾ। "ਪ੍ਰਭੂ, ਮੈਂ ਨਿਰਦੋਸ਼ ਮਨ ਨਾਲ, ਤੇਰੇ ਕੋਲ ਆਇਆ ਹਾਂ। ਤੁਹਾਡੇ ਪੁੱਤਰ ਯਿਸੂ ਦੇ ਨਾਮ ਵਿੱਚ, ਕਿਰਪਾ ਕਰਕੇ ਮੈਨੂੰ ਸਵੀਕਾਰ ਕਰੋ।" ਔਹ, ਭਾਈ, ਤੁਸੀਂ ਫਿਰ ਇੱਕ ਜੀਵਤ ਤਰੀਕੇ ਨਾਲ ਆ ਰਹੇ ਹੋ।

370 ਇੰਝ ਨਹੀਂ, "ਪ੍ਰਭੂ, ਤੁਸੀਂ ਜਾਣਦੇ ਹੋ ਕਿ ਮੈਂ ਸ਼ਰਾਬ ਪੀਣੀ ਛੱਡ ਦਿੱਤੀ ਹੈ। ਤੁਸੀਂ ਜਾਣਦੇ ਹੋ ਕਿ ਮੈਂ ਆਪਣੀ ਪਤਨੀ ਨਾਲ ਸਹੀ ਸਲੂਕ ਕਰਦਾ ਹਾਂ। ਤੁਸੀਂ ਜਾਣਦੇ ਹੋ ਕਿ ਮੈਂ *ਇਹ* ਕਰਦਾ ਹਾਂ। ਮੈਂ *ਉਹ* ਕਰਦਾ ਹਾਂ।" ਤੁਹਾਡੇ ਕੋਲ ਪੇਸ਼ ਕਰਨ ਲਈ ਕੁਝ ਨਹੀਂ ਹੈ।

371 "ਕਿਉਂਕਿ ਸਰੀਰਕ ਹੁਕਮਾਂ ਦੀ ਬਿਵਸਥਾ ਕੁਝ ਨਹੀਂ ਕਰ ਸਕਦੀ ਸੀ, ਪਰ ਇੱਕ ਹੋਰ ਆਸ਼ਾ ਜੋ ਰੱਖੀ ਗਈ ਸੀ। ਉਹ ਆਸ਼ਾ ਜੋ ਮਸੀਹ ਹੈ, ਸਾਡੇ ਕੋਲ ਆਤਮਾ ਦੇ ਲੰਗਰ ਵਜੋਂ, ਦ੍ਰਿੜ ਅਤੇ ਨਿਸ਼ਚਿਤ ਹੈ।" ਵੇਖੋ।

> *ਅਤੇ* ਏਥੋਂ ਤੀਕ *ਇਹ ਬਿਨਾ ਸੌਹ ਖਾਂਧੇ ਨਾ ਬਣਿਆ...*

ਪੜਨਾਂਵ, ਜੇਕਰ ਤੁਸੀਂ ਇੱਥੇ ਧਿਆਨ ਦਿਓਗੇ, ਇਹ ਤਿਰਛੇ ਅੱਖਰਾਂ ਵਿੱਚ ਹੈ।

*...ਉਸਨੂੰ ਜਾਜਕ ਬਣਾਇਆ ਗਿਆ ਸੀ:*

ਕੇਵਲ ਇੱਕ ਜਾਜਕ ਹੀ ਨਹੀਂ, ਸਗੋਂ ਉਸਨੂੰ ਸਹੁੰ ਦੇ ਕੇ ਜਾਜਕ ਬਣਾਇਆ ਗਿਆ ਸੀ। ਨਹੀਂ...

372 ਹੁਣ ਦੇਖੋ। ਆਓ ਬਾਕੀ ਜਾਜਕਾਈ ਨੂੰ ਵੇਖੀਏ।

*(ਕਿਉਂ ਜੋ ਜਾਜਕ, ਲੇਵੀ, ਧਰਮੀ, ਧਾਰਮਿਕ, ਇਮਾਨਦਾਰ ਆਦਮੀ, ਉਹ ਬਿਨਾ ਸੌਂਹ ਖਾਧੇ ਜਾਜਕ ਬਣੇ ਹਨ;...)*

373 ਪਰਮੇਸ਼ੁਰ ਨੇ ਬਸ ਕਿਹਾ, "ਹਾਰੂਨ ਦੇ ਹੁਕਮ ਦੇ—ਹੁਕਮ ਦੇ ਅਨੁਸਾਰ, ਉਸਨੇ ਇਹਨਾਂ ਜਾਜਕਾਂ ਨੂੰ ਬਣਾਇਆ ਹੈ।" ਉਹ ਪੀੜ੍ਹੀ ਦਰ ਪੀੜ੍ਹੀ ਹੇਠਾਂ ਆਉਂਦੇ ਹਨ। ਉਹ ਸਕੂਲ ਜਾਂਦੇ ਹਨ ਅਤੇ ਪ੍ਰਚਾਰਕ ਬਣਨਾ ਸਿੱਖਦੇ ਹਨ। ਉਹ ਹੇਠਾਂ ਆ ਜਾਂਦੇ ਹਨ। ਇਸ ਲਈ ਪਰਮੇਸ਼ੁਰ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਦਾ ਜਾਜਕ ਬਣਾਇਆ। ਉਹਨਾਂ ਨੇ ਆਪਣੇ ਆਪ ਨੂੰ, ਆਪਣੀ ਸਿੱਖਿਆ ਦੁਆਰਾ, ਉਹਨਾਂ ਦੇ ਵਿਰਸੇ ਦੁਆਰਾ, ਆਦਿ ਦੁਆਰਾ ਆਪਣੇ ਆਪ ਨੂੰ ਜਾਜਕ ਬਣਾਇਆ। "ਪਰ ਇਹ ਆਦਮੀ ਉਸ ਸਹੁੰ ਨਾਲ ਜਾਜਕ ਬਣਾਇਆ ਗਿਆ ਜੋ ਪਰਮੇਸ਼ੁਰ ਨੇ ਖਾਧੀ ਸੀ।" ਹੁਣ ਧਿਆਨ ਨਾਲ ਸੁਣੋ।

*(...ਉਹ ਬਿਨਾ ਸੌਂਹ ਖਾਧੇ ਜਾਜਕ ਬਣੇ ਹਨ; ਪਰ ਇਹ ਸੌਂਹ ਖਾਣ ਨਾਲ ਓਸ ਤੋਂ ਬਣਿਆ ਜਿਨ ਉਸ ਨੂੰ ਆਖਿਆ, ਪ੍ਰਭੁ ਨੇ ਸੌਂਹ ਖਾਧੀ, ਅਤੇ ਉਹ ਨਹੀਂ ਬਦਲੇਗਾ, ਆਮੀਨ, ਤੂੰ ਮਲਕਿਸਿਦਕ ਦੀ ਪਦਵੀ ਦੇ ਅਨੁਸਾਰ ਸਦਾ ਤੀਕ ਦਾ ਜਾਜਕ ਹੈਂ:)*

*ਸੋ ਯਿਸੂ ਇੱਕ ਹੋਰ ਵੀ ਉੱਤਮ ਨੇਮ ਦਾ ਜ਼ਾਮਨ ਬਣਿਆ।*

ਹੁਣ, ਜਲਦੀ।

*ਫੇਰ ਓਹ ਤਾਂ ਬਹੁਤੇ ਜਾਜਕ ਬਣੇ ਸਨ, ਏਸ ਲਈ ਜੋ ਮੌਤ ਨੇ ਉਨ੍ਹਾਂ ਨੂੰ ਟਿਕਣ ਨਾ ਦਿੱਤਾ:*

ਹਜ਼ਾਰਾਂ ਦੇ ਹਜ਼ਾਰਾਂ ਦੇ ਹਜ਼ਾਰਾਂ ਗੁਣਾ, ਜਾਜਕ, ਕਿਉਂਕਿ ਉਨ੍ਹਾਂ ਕੋਲ ਕੇਵਲ ਮੌਤ ਅਤੇ ਮੌਤ ਅਤੇ ਕਮਜ਼ੋਰੀ ਤੋਂ ਇਲਾਵਾ ਕੁਝ ਨਹੀਂ ਸੀ, ਅਤੇ ਮੌਤ ਅਤੇ ਮੌਤ ਅਤੇ ਮੌਤ।

374 ਪਰ ਉਸ ਨੂੰ ਵੇਖੋ।

> *ਪਰ ਇਹ ਮਨੁੱਖ,* (ਕਿਹੜਾ ਮਨੁੱਖ?) *ਯਿਸੂ, ਪਰ ਇਹ ਸਦਾ ਤੀਕ ਜੋ ਰਹਿੰਦਾ ਹੈ ਇਸ ਕਰਕੇ ਇਹ ਦੀ ਜਾਜਕਾਈ ਅਟੱਲ ਹੈ।* ਕਿੱਥੇ ਹਨ…

> *ਇਸ ਲਈ ਓਹ ਉਨ੍ਹਾਂ ਦਾ ਜਿਹੜੇ ਉਹ ਦੇ ਰਾਹੀਂ ਆਉਂਦੇ ਹਨ* ਪੂਰਾ *ਨਿਸਤਾਰਾ ਕਰ ਸੱਕਦਾ ਹੈ;* ਕੋਈ ਫਰਕ ਨਹੀਂ ਪੈਂਦਾ ਕਿ ਉਹ ਕਿੰਨੇ ਦੂਰ ਹਨ, ਕਿੰਨੇ ਗਿਰੇ ਹੋਏ ਹਨ, ਕਿੰਨੇ ਵੀ ਦੂਰ ਹੋਣ, ਉਹ ਉਨ੍ਹਾਂ ਦਾ ਪੂਰਾ ਨਿਸਤਾਰਾ ਕਰ ਸਕਦਾ ਹੈ; *ਜੋ ਉਸ ਦੇ ਰਾਹੀਂ ਪਰਮੇਸ਼ੁਰ ਕੋਲ ਆਉਂਦੇ ਹਨ,…*

ਨਾਲ ਨਹੀਂ…ਤੁਹਾਡੀ ਧਾਰਮਿਕਤਾ ਨਾਲ ਨਹੀਂ; ਪਰ ਤੁਹਾਡੇ ਪਸ਼ਚਾਤਾਪ ਨਾਲ। ਸਮਝੇ?

> …ਜਿਹੜੇ *ਉਹ ਦੇ ਰਾਹੀਂ ਪਰਮੇਸ਼ੁਰ ਦੇ ਕੋਲ ਆਉਂਦੇ ਹਨ ਪੂਰਾ ਨਿਸਤਾਰਾ ਕਰ ਸੱਕਦਾ ਹੈ ਕਿਉਂ ਜੋ ਉਹ ਉਨ੍ਹਾਂ ਦੀ ਸਫਾਰਸ਼ ਕਰਨ ਨੂੰ ਸਦਾ ਜੀਉਂਦਾ ਹੈ।*

ਉਹ ਬਿਲਕੁੱਲ ਇੱਥੇ ਹੀ ਹੈ, ਲਗਾਤਾਰ, ਸਫਾਰਸ਼ ਕਰ ਰਿਹਾ ਹੈ।

> ਇਹੋ *ਜਿਹਾ ਪਰਧਾਨ ਜਾਜਕ ਸਾਡੇ ਲਈ ਫੱਬਦਾ ਸੀ, ਜਿਹੜਾ ਪਵਿੱਤਰ, ਨਿਰਦੋਸ਼, ਨਿਰਮਲ, ਪਾਪੀਆਂ ਤੋਂ* ਨਿਆਰਾ *ਅਤੇ ਅਕਾਸ਼ਾਂ ਤੋਂ* ਉੱਚਾ *ਕੀਤਾ ਹੋਇਆ ਹੋਵੇ;*

375 ਉੱਥੇ ਇਹ ਹੈ। ਹੁਣ, ਜੇਕਰ ਮੈਂ ਆਪਣੇ ਕੇਸ ਦੀ ਨੁਮਾਇੰਦਗੀ ਕਰਨ ਦੀ ਕੋਸ਼ਿਸ਼ ਕਰਦਾ ਹਾਂ, ਤਾਂ ਮੈਂ ਇਸਨੂੰ ਹਾਰ ਜਾਵਾਂਗਾ। ਜੇ ਮੈਂ ਨੁਮਾਇੰਦਗੀ ਕਰਨ ਦੀ ਕੋਸ਼ਿਸ਼ ਕਰਦਾ ਹਾਂ, ਅਤੇ ਕਹਿੰਦਾ ਹਾਂ, "ਖੈਰ, ਮੇਰੇ ਪਿਤਾ ਇੱਕ ਚੰਗੇ ਆਦਮੀ ਸਨ। ਮੇਰੇ ਪਿਤਾ ਸਨ। ਖੈਰ, ਮੈਂ ਗਿਰਜੇ ਵਿੱਚ ਰਿਹਾ ਹਾਂ।" ਮੈਂ ਫਿਰ ਵੀ ਇਸ ਨੂੰ ਹਾਰ ਜਾਵਾਂਗਾ। ਪਰ ਇਹ ਇੱਕ ਸੰਪੂਰਨ ਮਨੁੱਖ ਹੈ, ਮਸੀਹ। ਉਹ ਉੱਥੇ ਬੈਠਦਾ ਹੈ ਅਤੇ ਮੇਰੇ ਪਾਪਾਂ ਲਈ ਲਗਾਤਾਰ ਆਪਣਾ ਲਹੂ ਪੇਸ਼ ਕਰਦਾ ਹੈ। ਉਥੇ ਤੁਸੀਂ ਹੋ।

> *ਜਿਹ ਨੂੰ ਉਨ੍ਹਾਂ…ਪਰਧਾਨ ਜਾਜਕਾਂ ਵਾਂਙੁ ਲੋੜ ਨਹੀਂ, ਭਈ ਪਹਿਲਾਂ ਆਪਣਿਆਂ ਅਤੇ ਫੇਰ ਪਰਜਾ ਦਿਆਂ ਪਾਪਾਂ ਲਈ,* ਬਲੀਦਾਨ *ਨਿੱਤ* ਚੜ੍ਹਾਇਆ *ਕਰੇ: ਕਿਉਂ ਜੋ ਉਹ ਇੱਕੋ ਵਾਰ ਇਹ ਕਰ ਗੁਜ਼ਰਿਆ, ਜਦੋਂ ਆਪਣੇ ਆਪ ਨੂੰ ਚੜ੍ਹਾ ਦਿੱਤਾ।*

376 ਹੁਣ ਆਖਰੀ ਆਇਤ ਨੂੰ ਵੇਖੋ।

*ਸ਼ਰਾ ਤਾਂ ਮਨੁੱਖਾਂ ਨੂੰ ਜਿਹੜੇ ਨਿਤਾਣੇ ਹਨ ਪਰਧਾਨ ਜਾਜਕ ਠਹਿਰਾਉਂਦੀ ਹੈ;…*

377 ਇਹੀ ਸ਼ਰਾ, ਸਰੀਰਕ ਸ਼ਰਾ, ਕਰਦੀ ਹੈ। ਹੁਣ, ਮੈਂ ਚਾਹੁੰਦਾ ਹਾਂ ਕਿ ਮੇਰੇ ਕੋਲ ਇੱਥੇ ਸਿਰਫ ਦੋ ਘੰਟੇ ਹੋਰ ਹੁੰਦੇ। ਇਸ ਤਰ੍ਹਾਂ ਹੀ ਅੱਜ ਸ਼ਰਾ ਅਜੇ ਵੀ ਪੁਰਸ਼ਾਂ ਨੂੰ ਪ੍ਰਚਾਰਕ ਬਣਾਉਂਦੀ ਹੈ। ਇਹ ਠੀਕ ਹੈ।

378 ਕਿਉਂ, ਉਹ ਕਹਿੰਦੇ ਹਨ, “ਅੱਛਾ, ਇਸ ਆਦਮੀ ਨੂੰ ਇੱਕ ਸੈਮੀਨਾਰ ਦਾ ਤਜਰਬਾ ਹੈ।” ਮੈਂ ਦੁਨੀਆ ਦੇ ਸਾਰੇ ਸੈਮੀਨਾਰਾਂ ਲਈ ਆਪਣੇ ਛੋਟੇ ਜਿਹੇ ਸਵਰਗੀ ਅਨੁਭਵ ਦਾ ਵਪਾਰ ਨਹੀਂ ਕਰਾਂਗਾ।

379 “ਕਿਉਂ, ਅਸੀਂ ਇਸ ਆਦਮੀ ਨੂੰ ਸਿੱਖਿਆ ਦਿੱਤੀ ਹੈ। ਉਹ—ਉਹ ਹੱਥੀਂ-ਚੁਣਿਆ ਹੋਇਆ ਹੈ। ਉਹ ਇੱਕ ਆਪ-ਬਣਿਆ ਆਦਮੀ ਹੈ।” ਮੈਨੂੰ ਇਹ ਨਮੂਨਾ ਪਸੰਦ ਨਹੀਂ ਹੈ। ਮੈਨੂੰ ਪਰਮੇਸ਼ੁਰ ਦਾ ਬਣਾਇਆ ਆਦਮੀ ਪਸੰਦ ਹੈ। ਸਮਝੇ? ਸਮਝੇ?

380 ਪਰ ਸ਼ਰਾ ਅਜੇ ਵੀ ਜਾਜਕ ਬਣਾਉਂਦੀ ਹੈ। ਸ਼ਰਾ ਅਜੇ ਵੀ ਪ੍ਰਚਾਰਕ ਬਣਾਉਂਦੀ ਹੈ। ਬੈਪਟਿਸਟ ਕਲੀਸਿਯਾ, ਉਹ ਪ੍ਰਚਾਰਕਾਂ ਨੂੰ ਸੌਂਪਦੇ ਹਨ; ਉਹਨਾਂ ਨਾਲ ਭਰੇ ਹੋਏ, ਜਿਵੇਂ ਉਨ੍ਹਾਂ ਕੋਲ ਇਹ ਬਣਾਉਣ ਲਈ ਇੱਕ ਮਸ਼ੀਨ ਹੈ ਜੋ ਉਹਨਾਂ ਨੂੰ ਬਣਾ ਕੇ ਬਾਹਰ ਕੱਢਦੀ ਹੈ। ਮੈਥੋਡਿਸਟਾਂ ਕੋਲ ਉਹ ਹਨ। ਬੈਪਟਿਸਟਾਂ ਕੋਲ ਉਹ ਹਨ। ਪ੍ਰੈਸਬੀਟੇਰੀਅਨ, ਨਾਜ਼ਰੀਨ, ਪਿਲਗ੍ਰੀਮ ਹੋਲੀਨੇਸ, ਪੈਂਟੇਕੋਸਟਲ, ਉਹ ਉਨ੍ਹਾਂ ਨੂੰ ਜਿੰਨੀ ਜਲਦੀ ਕਰ ਸਕਦੇ ਹਨ, ਉਨ੍ਹਾਂ ਨੂੰ ਬਾਹਰ ਭੇਜ ਦਿੰਦੇ ਹਨ, ਜਿਵੇਂ ਇੱਕ ਵੱਡਾ ਸ਼ਾਸਨ, ਵੱਡੀ ਮਸ਼ੀਨ ਵਾਂਗ। ਉੱਥੇ ਖੜ੍ਹੇ ਹੋ ਜਾਂਦੇ ਹਨ ਜਿਵੇਂ ਕਿ ਇੱਕ…

381 ਮੈਂ ਹਮੇਸ਼ਾ ਕਿਹਾ ਹੈ, “ਮੈਨੂੰ—ਮੈਨੂੰ ਨਿਸ਼ਚਤ ਤੌਰ ਤੇ ਇੱਕ ਮਸ਼ੀਨੀ ਚੂਚੇ ਲਈ ਅਫ਼ਸੋਸ ਹੁੰਦਾ ਹੈ।” ਤੁਸੀਂ ਜਾਣਦੇ ਹੋ, ਇੱਕ ਛੋਟਾ ਜਿਹਾ ਚੂਚਾ ਜੋ ਇੱਕ ਮਸ਼ੀਨ ਦੇ ਹੇਠਾਂ ਪਲਿਆ ਹੈ, ਉਸ ਨੂੰ ਸਹੀ ਤਰੀਕੇ ਨਾਲ ਨਹੀਂ ਕੱਢਿਆ ਗਈ ਹੈ। ਨਹੀਂ। ਚਾਹੀਦਾ ਸੀ ਕਿ ਮੁਰਗੀ ਚੂਚੇ ਨੂੰ ਬਾਹਰ ਕੱਢਦੀ। ਪਰ ਇੱਕ ਮਸ਼ੀਨੀ ਚੂਚਾ, ਜਦੋਂ ਉਹ ਬਾਹਰ ਨਿਕਲਦਾ ਹੈ, ਉਹ ਕਰਦਾ ਹੈ “ਚਰਪ, ਚਰਪ, ਚਰਪ,” ਅਤੇ ਕੋਈ ਮਾਂ ਨਹੀਂ ਹੁੰਦੀ ਜਿਸ ਕੋਲ ਉਹ ਜਾ ਸਕੇ। ਸਮਝੇ? ਉਹ ਨਹੀਂ ਜਾਣਦਾ ਕਿ ਇੱਕ ਮਾਂ ਕੀ ਹੁੰਦੀ ਹੈ ਹੈ। ਇਹ ਠੀਕ ਹੈ। ਉਹ ਇੱਕ ਮਾਂ ਲਈ ਪੁਕਾਰਦਾ ਹੈ, ਪਰ ਉਸਨੂੰ ਕੋਈ ਨਹੀਂ ਮਿਲਦੀ।

382 ਪਰ ਛੋਟੀ ਮੁਰਗੀ ਜੋ ਮੁਰਗੀ ਦੇ ਹੇਠਾਂ ਪਲਦਾ ਹੈ, ਕੁਦਰਤੀ ਤਰੀਕੇ ਨਾਲ, ਉਹ ਪੁਕਾਰਦਾ ਹੈ ਅਤੇ ਮਾਂ ਜਵਾਬ ਦਿੰਦੀ ਹੈ। ਇਹ ਠੀਕ ਹੈ।

383 ਅਤੇ ਕਈ ਵਾਰ ਮੈਂ ਇੱਥੇ ਸੈਮੀਨਰੀ ਅਨੁਭਵ ਬਾਰੇ ਸੋਚਦਾ ਹਾਂ ਲੂਇਸਵਿਲ ਅਤੇ ਪੂਰੀ ਦੁਨੀਆ ਵਿੱਚ ਇਨ੍ਹਾਂ ਵੱਡਿਆਂ ਮਸ਼ੀਨਾਂ ਹੇਠ ਆਉਂਦੇ ਹਨ, ਹਜ਼ਾਰਾਂ ਦੀ ਗਿਣਤੀ ਵਿੱਚ ਪ੍ਰਚਾਰਕਾਂ ਨੂੰ ਬਾਹਰ ਕੱਢਦੇ ਹਨ। ਪੈਨਟੇਕੋਸਟਲ ਮਸ਼ੀਨਾਂ, ਅਤੇ ਪ੍ਰੈਸਬੀਟੇਰੀਅਨ ਮਸ਼ੀਨਾਂ, ਅਤੇ—ਅਤੇ ਬੈਪਟਿਸਟ ਮਸ਼ੀਨਾਂ, ਉਹ ਸਾਰੀਆਂ ਆਪਣੇ—ਆਪਣੇ—ਆਪਣੇ ਛੋਟੇ ਚੂਚੇ ਬਾਹਰ ਕੱਢਦੀਆਂ ਹਨ। ਉਹ, "ਚਰਪ, ਚਰਪ, ਚਰਪ" ਕਰਦੇ ਹਨ, ਅਤੇ ਉਸ ਮਸ਼ੀਨ ਬਾਰੇ ਗੱਲ ਕਰਦੇ ਹਨ ਜਿਸ ਵਿੱਚ ਉਹਨਾਂ ਨੂੰ ਬਾਹਰ ਕੱਢਿਆ ਗਿਆ ਸੀ।

384 ਪਰ ਮੈਨੂੰ ਇੱਕ ਪਿਤਾ, ਇੱਕ ਮਾਂ ਹੋਣਾ ਪਸੰਦ ਹੈ। ਪਰਮੇਸ਼ੁਰ ਦਾ ਨਾਮ ਮੁਬਾਰਕ ਹੋਵੇ! ਮੇਰੇ ਨਾਲ ਬਹੁਤ ਸਾਰੇ ਪੈਦਾ ਨਹੀਂ ਹੋਏ, ਪਰ ਜੋ ਕੁਝ ਸੀ ਉਹ ਮੇਰੇ ਭਰਾ ਹਨ। ਆਮੀਨ। ਸਾਡੇ ਕੋਲ ਇੱਕ ਮਾਂ ਹੈ ਜੋ ਜਵਾਬ ਦਿੰਦੀ ਹੈ ਜਦੋਂ ਤੁਸੀਂ…ਇੱਕ ਮਾਂ ਜੋ ਸਵਰਗ ਵਿੱਚ ਹੈ, ਜੋ ਸਾਡੇ ਸਾਰਿਆਂ ਦੀ ਮਾਂ ਹੈ। "ਮੈਂ ਕਿੰਨੀ ਵਾਰੀ ਚਾਹਿਆ, ਜੋ ਤੇਰੇ ਬਾਲਕਾਂ ਨੂੰ ਉਸੇ ਤਰਾਂ ਇਕੱਠਾ ਕਰਾਂ, ਅਤੇ—ਅਤੇ ਜਿਸ ਤਰਾਂ…ਕੁੱਕੜੀ ਆਪਣੇ ਬੱਚਿਆਂ ਨੂੰ, ਖੰਭਾਂ ਹੇਠ ਇਕੱਠੇ ਕਰਦੀ ਹੈ। ਹੇ ਯਰੂਸ਼ਲਮ, ਯਰੂਸ਼ਲਮ, ਕਿੰਨੀ ਵਾਰੀ ਚਾਹਿਆ ਜੋ ਤੇਰੇ ਬਾਲਕਾਂ ਨੂੰ ਉਸੇ ਤਰਾਂ ਇਕੱਠਾ ਕਰਾਂ ਜਿਸ ਤਰਾਂ ਕੁੱਕੜੀ ਆਪਣੇ ਬੱਚਿਆਂ ਨੂੰ ਖੰਭਾਂ ਹੇਠ ਇਕੱਠੇ ਕਰਦੀ ਹੈ! ਕਿੰਨੀ ਵਾਰ ਮੈਂ ਤੈਨੂੰ ਆਪਣਾ ਬਣਾਉਣਾ ਚਾਹਿਆ, ਪਰ ਤੂੰ ਨਾ ਚਾਹਿਆ। ਤੇਰੇ ਕੋਲ ਤੇਰੇ ਆਪਣੇ ਸੈਮੀਨਾਰੀ ਸਨ, ਆਪਣੇ ਜਾਜਕਾਂ ਨੂੰ ਪੈਦਾ ਕੀਤਾ। ਉਨ੍ਹਾਂ ਨੇ ਤੁਹਾਨੂੰ ਮੇਰੇ ਵਿਰੁੱਧ ਸਿੱਖਿਆ ਦਿੱਤੀ। ਹੁਣ ਤੁਸੀਂ ਆਪਣੇ ਆਪ ਦੇ ਸਹਾਰੇ ਹੀ ਰਹਿ ਗਏ ਹੋ। ਤੁਹਾਡੀ ਤਬਾਹੀ ਤੁਹਾਡੇ ਅੱਗੇ ਪਈ ਹੈ।"

385 ਹੁਣ ਮੈਂ ਇਹ ਆਖਦਾ ਹਾਂ: ਹੇ, ਲੋਕੋ, ਹੇ, ਲੋਕੋ, ਪਵਿੱਤਰ ਆਤਮਾ ਨੇ ਕਿੰਨੀ ਵਾਰ ਤੁਹਾਡੇ ਤੇ ਛਾਇਆ ਕੀਤਾ ਹੋਵੇਗਾ, ਜਿਵੇਂ ਇੱਕ ਮੁਰਗੀ ਆਪਣੇ ਬੱਚਿਆਂ ਤੇ ਕਰਦੀ ਹੈ, ਪਰ ਤੁਸੀਂ ਆਪਣਾ ਤਰੀਕਾ ਚਾਹੁੰਦੇ ਹੋ, ਤੁਸੀਂ ਇਸ ਬਾਰੇ ਆਪਣਾ ਰਸਤਾ ਚੁਣਨ ਜਾ ਰਹੇ ਹੋ!

386 ਇਹਨਾਂ ਰਾਤਾਂ ਵਿੱਚੋਂ ਇੱਕ ਵਿੱਚ ਮੈਂ ਜਿਸ ਤੇ ਪ੍ਰਚਾਰ ਕਰਨਾ ਚਾਹੁੰਦਾ ਹਾਂ, "ਆਪਣੇ ਤਰੀਕੇ ਨਾਲ।" ਤੁਸੀਂ ਜਾਣਦੇ ਹੋ, ਕਇਨ ਆਪਣਾ ਤਰੀਕਾ ਚਾਹੁੰਦਾ ਸੀ। ਮਨੁੱਖ ਅੱਜ, ਆਪਣਾ ਰਾਹ ਚਾਹੁੰਦਾ ਹੈ। "ਪਰ ਇੱਕ ਤਰੀਕਾ ਹੈ ਜੋ ਸਹੀ ਜਾਪਦਾ ਹੈ, ਪਰ ਅੰਤ ਮੌਤ ਹੈ।"

387 ਹੁਣ ਦੇਖੋ। "ਉਸ ਵਿੱਚ ਉਹ ਕਹਿੰਦਾ ਹੈ, 'ਇੱਕ ਨਵਾਂ—ਇੱਕ ਨਵਾਂ ਨੇਮ…'" ਮੈਨੂੰ ਵਿਸ਼ਵਾਸ ਹੈ, ਹੁਣ ਜੋ ਕਿ…ਨਹੀਂ। ਮੈਂ ਗਲਤ ਥਾਂ ਤੇ ਸੀ।

388 28ਵੀਂ ਆਇਤ।

> *ਸ਼ਰਾ ਤਾਂ ਮਨੁੱਖਾਂ ਨੂੰ ਜਿਹੜੇ ਨਿਤਾਣੇ ਹਨ ਪਰਧਾਨ ਜਾਜਕ ਠਹਿਰਾਉਂਦੀ ਹੈ; ਪਰ ਸੌਂਹ ਦਾ ਬਚਨ, ਜਿਹੜਾ ਸ਼ਰਾ ਦੇ ਮਗਰੋਂ ਹੋਇਆ ਸੀ, ਪੁੱਤ੍ਰ ਨੂੰ, ਜੋ ਸਦਾ ਤੀਕ ਸਿੱਧ ਕੀਤਾ ਹੋਇਆ ਹੈ।*

389 ਪਰਮੇਸ਼ੁਰ ਸਦਾ ਲਈ ਮੁਬਾਰਕ ਹੋਵੇ, ਇੱਕ ਪੁੱਤਰ ਲਈ ਜੋ ਮਲਕਿਸਿਦਕ ਦੀ ਪਦਵੀ ਅਨੁਸਾਰ ਨੂੰ ਸਦਾ ਲਈ ਕਾਇਮ ਰੱਖੇਗਾ। ਅਤੇ ਉਸਦੀ ਕਦੇ ਕੋਈ ਸ਼ੁਰੂਆਤ ਨਹੀਂ ਸੀ। ਉਸ ਦਾ ਕਦੇ ਅੰਤ ਨਹੀਂ ਹੁੰਦਾ। ਅਤੇ ਸ਼ਰਾ ਅਜਿਹਾ ਕੁਝ ਵੀ ਪੈਦਾ ਨਹੀਂ ਕਰ ਸ਼ਕਦੀ ਸੀ, ਕਿਉਂਕਿ ਇਹ ਸਰੀਰਕ ਸੀ। ਕਲੀਸਿਯਾ ਅਜਿਹਾ ਕੁਝ ਨਹੀਂ ਪੈਦਾ ਕਰ ਸਕਦੀ, ਸੰਪਰਦਾਵਾਂ, ਕਿਉਂਕਿ ਉਹ ਸਰੀਰਕ ਹਨ। ਸੈਮੀਨਰੀ ਕਦੇ ਵੀ ਅਜਿਹਾ ਕੁਝ ਨਹੀਂ ਪੈਦਾ ਕਰ ਸਕਦੇ। ਉਨ੍ਹਾਂ ਨੇ ਦੁਨੀਆਂ ਨੂੰ ਇਸ ਬਾਰੇ ਸਿੱਖਿਅਤ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਇਸ ਨੂੰ ਸੰਗਠਿਤ ਕਰਨ ਦੀ ਕੋਸ਼ਿਸ਼ ਕੀਤੀ। ਉਹਨਾਂ ਨੇ ਦੁਨੀਆਂ ਵਿੱਚ ਹਰ ਤਰੀਕੇ ਨਾਲ ਕੋਸ਼ਿਸ਼ ਕੀਤੀ ਹੈ, ਹਰ ਉਹ ਚੀਜ਼ ਬਣਾਉਣ ਲਈ ਜੋ ਉਹ ਕਰ ਸਕਦੇ ਸਨ, ਅਤੇ ਮੁੱਖ ਚੀਜ਼ ਨੂੰ ਛੱਡ ਦਿੰਦੇ ਹਨ: "ਤੁਹਾਨੂੰ ਇਸ ਵਿੱਚ ਪੈਦਾ ਹੋਣਾ ਚਾਹੀਦਾ ਹੈ।" ਪਰਮੇਸ਼ੁਰ ਤੁਹਾਨੂੰ ਉਹ ਬਣਾਉਂਦਾ ਹੈ ਜੋ ਤੁਸੀਂ ਹੋ, ਯਕੀਨਨ, ਇਸ ਲਈ ਨਹੀਂ ਕਿ ਤੁਸੀਂ *ਇਹ* ਕਰਨਾ ਛੱਡ ਦਿੱਤਾ ਹੈ।

390 ਹੁਣ, ਨਾਜ਼ਰੀਨ, ਤੁਸੀਂ ਇੱਕ ਮੁੰਦਰੀ ਨਹੀਂ ਪਹਿਨ ਸਕਦੇ, ਤੁਸੀਂ ਘੜੀ ਨਹੀਂ ਪਹਿਨ ਸਕਦੇ, ਅਤੇ ਤੁਹਾਡੇ ਕੋਲ ਕੁਝ *ਫਲਾਣੀਆਂ-ਫਲਣੀਆਂ* ਚੀਜ਼ਾਂ ਹੋਣੀਆਂ ਚਾਹੀਦੀਆਂ ਹਨ, ਤੁਹਾਡੀਆਂ ਬਾਹਾਂ *ਇੰਨੀਆਂ* ਲੰਬੀਆਂ ਹੋਣੀਆਂ ਚਾਹੀਦੀਆਂ ਹਨ, ਕੱਪੜੇ ਦੀ ਬਾਂਹ, ਤੁਹਾਡੀਆਂ ਸਕਰਟਾਂ *ਇੰਨੀਆਂ* ਲੰਬੀਆਂ ਹੋਣੀਆਂ ਚਾਹੀਦੀਆਂ ਹਨ, ਅਤੇ—ਅਤੇ ਆਦਮੀ ਸਰਾਂ ਨਾਲ ਸਬੰਧਤ ਨਹੀਂ ਹੋ ਸਕਦੇ। ਅਤੇ ਜੇਕਰ ਤੁਸੀਂ ਨਹੀਂ ਕਰਦੇ ਤਾਂ ਉਹ ਤੁਹਾਨੂੰ ਬਪਤਿਸਮਾ ਨਹੀਂ ਦੇਣਗੇ। ਠੀਕ ਹੈ। ਇੱਥੇ ਕੈਥੋਲਿਕ ਆਉਂਦੇ ਹਨ, ਅਤੇ ਉਹਨਾਂ ਕੋਲ ਆਪਣੇ ਹਨ। ਅਤੇ ਇੱਥੇ ਮੈਥੋਡਿਸਟ ਆਉਂਦੇ ਹਨ, ਉਨ੍ਹਾਂ ਦੇ ਕੋਲ ਆਪਣੇ ਹਨ। ਉਹਨਾਂ ਵਿੱਚੋਂ ਹਰ ਇੱਕ ਕੋਲ ਮਾਪਣ ਲਈ ਇੱਕ ਮਾਪਦੰਡ ਹੈ। ਜੇ ਤੁਸੀਂ ਇਸ ਨੂੰ ਪੂਰਾ ਨਹੀਂ ਕਰ ਸਕਦੇ, ਤਾਂ ਠੀਕ ਹੈ, ਇਹੀ ਸਭ ਕੁਝ ਹੈ। ਸਮਝੇ?

391 ਅਤੇ ਫਿਰ, ਪਰ ਅਸਲ ਗੱਲ, ਇਹ ਹੈ, "ਮੇਰੀਆਂ ਬਾਹਾਂ ਵਿੱਚ ਮੈਂ ਕੁਝ ਨਹੀਂ ਲਿਆਉਂਦਾ! ਮੈਂ ਸਿਰਫ਼ ਤੇਰੀ ਸਲੀਬ ਨਾਲ ਚਿੰਬੜਿਆ ਹੋਇਆ ਹਾਂ। ਹੇ ਪਰਮੇਸ਼ੁਰ, ਨੰਗਾ, ਜ਼ਖਮੀ, ਸਹਾਇਤਾ ਦੀ ਲੋੜ ਹੈ। ਔਹ, ਮੈਂ ਪੂਰੀ ਨਿਮਰਤਾ ਨਾਲ ਆਇਆ ਹਾਂ, ਮਸੀਹ, ਇਹ ਕਬੂਲ ਕਰਦਾ ਹਾਂ ਕਿ ਮੈਂ ਕੁਝ ਵੀ ਨਹੀਂ

ਹਾਂ ਅਤੇ ਮੇਰੇ ਅੰਦਰ ਕੁਝ ਵੀ ਨਹੀਂ ਹੈ। ਮੈਨੂੰ ਸਵੀਕਾਰ ਕਰ, ਹੇ ਪਰਮੇਸ਼ੁਰ।” ਤਦ ਪਰਮੇਸ਼ੁਰ ਤੁਹਾਨੂੰ ਸਵੀਕਾਰ ਕਰਦਾ ਹੈ।

392 ਹੁਣ, ਤੁਸੀਂ ਸ਼ਾਇਦ ਆਪਣੀ ਏਬੀਸੀ ਨੂੰ ਵੀ ਨਹੀਂ ਜਾਣਦੇ ਹੋਵੋਗੇ। ਤੁਹਾਨੂੰ ਸ਼ਾਇਦ ਦਾਲ ਅਤੇ ਕੌਫੀ ਵਿੱਚ ਅੰਤਰ ਨਹੀਂ ਪਤਾ। ਤੁਸੀਂ ਸ਼ਾਇਦ, ਆਪਣਾ ਸੱਜੇ ਅਤੇ ਖੱਬੇ ਵਿੱਚ ਅੰਤਰ ਨਹੀਂ ਜਾਣਦੇ, ਸੱਜੇ ਖੱਬੇ ਹੱਥ ਵਿੱਚ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕੀ *ਨਹੀਂ* ਜਾਣਦੇ। ਇੱਥੇ ਇੱਕ ਚੀਜ਼ ਹੈ ਜੋ ਤੁਹਾਨੂੰ *ਜਰੂਰ* ਪਤਾ ਹੋਣੀ ਚਾਹੀਦੀ ਹੈ, ਕਿ, ਯਿਸੂ ਮਸੀਹ ਨੇ ਇੱਕ ਪਾਪੀ ਵਜੋਂ ਤੁਹਾਡੀ ਜਗ੍ਹਾ ਲੈ ਲਈ ਹੈ। ਅਤੇ ਤੁਸੀਂ ਆਪਣੀ ਜਗ੍ਹਾ ਲਵੋ, ਉਸਦੀ ਧਾਰਮਿਕਤਾ ਵਿੱਚ ਖੜੇ ਹੋਵੋ, ਹਰ ਰੋਜ਼ ਇਹ ਕਬੂਲ ਕਰਦੇ ਹੋਏ ਕਿ ਤੁਸੀਂ ਗਲਤ ਹੋ, ਅਤੇ ਉਸ ਨੂੰ ਆਪਣੇ ਪੂਰੇ ਦਿਲ ਨਾਲ ਪਿਆਰ ਕਰੋ, ਅਤੇ ਤੁਹਾਡੇ ਸਾਰੇ ਇਰਾਦੇ ਉਸ ਵੱਲ ਰੱਖੋ, ਤੁਸੀਂ ਸਵਰਗ ਪਹੁੰਚ ਜਾਵੋਗੇ। ਇਹ ਸਭ ਕੁਝ ਹੈ, ਕਿਉਂਕਿ ਉਹ ਜੀਵਨ ਜੋ ਮਸੀਹ ਵਿੱਚ ਸੀ ਤੁਹਾਡੇ ਵਿੱਚ ਹੋਣਾ ਚਾਹੀਦਾ ਹੈ, ਜਾਂ ਤੁਸੀਂ ਗੁਆਚੇ ਹੋਏ ਹੋ।

393 ਬੰਦ ਕਰਨ ਤੋਂ ਪਹਿਲਾਂ, ਕੀ ਤੁਹਾਨੂੰ ਉਹ ਬਿਨਾਂ ਸ਼ਰਤ ਨੇਮ ਯਾਦ ਹੈ ਜੋ ਪਰਮੇਸ਼ੁਰ ਨੇ ਅਬਰਾਹਾਮ ਨਾਲ ਕੀਤਾ ਸੀ? ਉਸ ਸ਼ਾਮ ਉਸ ਨੇ ਕੀ ਕੀਤਾ ਜਦੋਂ ਪਰਮੇਸ਼ੁਰ ਨੇ ਕਿਹਾ, “ਮੈਨੂੰ ਵੇਖਣ ਦਿਓ…” ਜਦੋਂ ਅਬਰਾਹਾਮ ਨੇ ਕਿਹਾ, “ਮੈਨੂੰ ਦੇਖਣ ਦਿਓ ਕਿ ਤੁਸੀਂ ਇਹ ਕਿਵੇਂ ਕਰਨ ਜਾ ਰਹੇ ਹੋ।” 16ਵਾਂ ਅਧਿਆਇ, ਮੈਨੂੰ ਲਗਦਾ ਹੈ ਕਿ ਇਹ ਉਤਪਤ ਦਾ ਹੈ। “ਮੈਨੂੰ ਦੇਖਣ ਦਿਓ ਕਿ ਤੁਸੀਂ ਇਹ ਕਿਵੇਂ ਕਰਨ ਜਾ ਰਹੇ ਹੋ।”

394 ਉਸ ਨੇ ਕਿਹਾ, “ਇੱਥੇ ਆ, ਅਬਰਾਹਾਮ।” ਅਤੇ ਉਸ ਨੇ ਅਬਰਾਹਾਮ ਨੂੰ ਉਤਾਰ ਕੇ, ਕਿਹਾ, “ਜਾ ਮੇਰੇ ਲਈ ਇੱਕ—ਇੱਕ ਭੇਡੂ, ਅਤੇ ਜਾ ਮੇਰੇ ਲਈ ਇੱਕ—ਇੱਕ—ਇੱਕ ਬਕਰਾ ਲਿਆ, ਅਤੇ ਜਾ ਮੇਰੇ ਲਈ ਇੱਕ ਵੱਛੀ ਲਿਆ। ਅਤੇ ਮੈਂ ਚਾਹੁੰਦਾ ਹਾਂ ਕਿ ਤੂੰ ਉਨ੍ਹਾਂ ਨੂੰ ਇੱਥੇ ਲੈ ਜਾ ਅਤੇ ਇੱਕ ਬਲੀਦਾਨ ਚੜਾ।”

395 ਅਤੇ ਅਬਰਾਹਾਮ ਗਿਆ ਅਤੇ ਭੇਡੂ, ਅਤੇ ਇੱਕ ਬਕਰਾ ਲਿਆ, ਲੇਲਾ, ਜਾਂ ਇੱਕ ਵੱਛੀ ਲਈ। ਅਤੇ ਉਸਨੇ ਉਨ੍ਹਾਂ ਨੂੰ ਮਾਰ ਦਿੱਤਾ। ਉਹ ਸਾਰੇ ਸ਼ੁੱਧ ਬਲੀਦਾਨ ਸਨ। ਅਤੇ ਉਹਨਾਂ ਨੂੰ ਅੱਧ ਵਿੱਚੋਂ ਕੱਟ ਕੇ ਦੋ ਟੋਟੇ ਕਰ ਦਿੱਤੇ, ਅਤੇ ਉਹਨਾਂ ਨੂੰ ਬਾਹਰ ਰੱਖਿਆ। ਤਦ ਉਸ ਨੇ ਜਾ ਕੇ ਦੋ ਘੁੱਗੀਆਂ ਲੈ ਕੇ, ਉਨ੍ਹਾਂ ਨੂੰ ਅੰਦਰ ਰੱਖਿਆ। ਤਦ ਅਬਰਾਹਾਮ ਨੇ ਪਰਮੇਸ਼ੁਰ ਦੇ ਆਉਣ ਦੀ ਉਡੀਕ ਕਰਦੇ ਹੋਏ, ਉਨ੍ਹਾਂ ਵਿੱਚੋਂ ਪੰਛੀਆਂ ਨੂੰ ਦੇਖਿਆ। “ਹੁਣ, ਪ੍ਰਭੂ, ਇੱਥੇ ਬਲੀਦਾਨ ਹੈ, ਤੁਸੀਂ ਇਹ ਕਿਵੇਂ ਕਰਨ ਜਾ ਰਹੇ ਹੋ? ਮੈਨੂੰ ਨਹੀਂ ਪਤਾ ਕਿ ਤੁਸੀਂ

ਮਨੁੱਖ ਨੂੰ ਉਸਦੀ ਆਪਣੀ ਮਰਜ਼ੀ ਦੇ ਵਿਰੁੱਧ ਕਿਵੇਂ ਬਚਾਓਗੇ। ਮੈਨੂੰ ਨਹੀਂ ਪਤਾ ਕਿ ਤੁਸੀਂ ਇਹ ਕਿਵੇਂ ਕਰਨ ਜਾ ਰਹੇ ਹੋ। ਤੁਸੀਂ ਇਹ ਕਿਵੇਂ ਕਰ ਸਕਦੇ ਹੋ, ਪ੍ਰਭੂ?"

396 ਪ੍ਰਭੂ ਨੇ ਕਿਹਾ, "ਹੁਣ ਦੇਖ, ਅਬਰਾਹਾਮ। ਤੂੰ ਇੱਕ ਨਬੀ ਹੈਂ। ਤੂੰ ਆਤਮਿਕ ਹੈਂ, ਅਤੇ ਤੂੰ ਸਮਝ ਜਾਵੇਂਗਾ ਕਿ ਮੈਂ ਕਿਸ ਬਾਰੇ ਗੱਲ ਕਰ ਰਿਹਾ ਹਾਂ।"

397 "ਠੀਕ ਹੈ, ਪ੍ਰਭੂ, ਮੈਂ ਦੇਖਣਾ ਚਾਹੁੰਦਾ ਹਾਂ।" ਹੁਣ ਮੈਂ ਬਸ ਨਾਟਕੀ ਰੂਪ ਦੇ ਰਿਹਾ ਹਾਂ।

398 "ਇਸ ਲਈ, ਅਬਰਾਹਾਮ, ਤੂੰ ਹੁਣ ਇੱਥੇ ਆਓ, ਅਤੇ ਇੱਥੇ ਬੈਠ ਅਤੇ ਉਨ੍ਹਾਂ ਨੂੰ ਪੰਛੀਆਂ ਨੂੰ ਉਡਾ ਦੇ।" ਇਸ ਲਈ ਉਸਨੇ ਸਾਰੇ ਪੰਛੀਆਂ ਨੂੰ ਉਡਾ ਦਿੱਤਾ, ਜਦੋਂ ਤੱਕ ਸੂਰਜ ਡੁੱਬਣ ਨਾ ਲੱਗ ਪਿਆ।

399 ਅਤੇ ਪਹਿਲੀ ਗੱਲ ਜੋ ਤੁਸੀਂ ਜਾਣਦੇ ਹੋ, ਪਰਮੇਸ਼ੁਰ ਹੇਠਾਂ ਆਇਆ। ਜਦੋਂ ਉਹ ਹੇਠਾਂ ਆਇਆ, ਅਬਰਾਹਾਮ ਨੂੰ ਨੀਂਦ ਆਉਣ ਲੱਗੀ। ਪਰਮੇਸ਼ੁਰ ਨੇ ਕਿਹਾ, "ਅਬਰਾਹਾਮ, ਮੈਂ ਤੈਨੂੰ ਸੁਲਾਉਣ ਜਾ ਰਿਹਾ ਹਾਂ।"

400 ਹੁਣ ਸੁਣੋ, ਕਨੂੰਨਵਾਦੀ ਦੋਸਤ। ਦੇਖੋ, ਪਰਮੇਸ਼ੁਰ ਨੇ ਅਬਰਾਹਾਮ ਨੂੰ ਤਸਵੀਰ ਤੋਂ ਪੂਰੀ ਤਰ੍ਹਾਂ ਬਾਹਰ ਕੱਢ ਲਿਆ, ਉਸ ਦਾ ਇਸ ਵਿੱਚ ਕੁਝ ਵੀ ਨਹੀਂ ਸੀ। ਅਤੇ ਇਸੇ ਤਰ੍ਹਾਂ ਹੀ ਉਸਨੇ ਤੁਹਾਨੂੰ ਲਿਆ। ਤੁਸੀਂ ਕਹਿੰਦੇ ਹੋ, "ਆਹ, ਮੈਂ ਪਰਮੇਸ਼ੁਰ ਨੂੰ ਲੱਭਿਆ।" ਤੁਸੀਂ ਇਹ ਨਹੀਂ ਕੀਤਾ।

401 ਪਰਮੇਸ਼ੁਰ ਨੇ ਤੁਹਾਨੂੰ ਭਾਲਿਆ, "ਕੋਈ ਵੀ ਮਨੁੱਖ ਮੇਰੇ ਕੋਲ ਨਹੀਂ ਆ ਸਕਦਾ ਜਦੋਂ ਤੱਕ ਮੇਰਾ ਪਿਤਾ ਉਸਨੂੰ ਪਹਿਲਾਂ ਨਾ ਖਿੱਚੇ।" ਸਮਝੇ?

402 ਇਹ ਤਾਂ ਪਰਮੇਸ਼ੁਰ ਤੁਹਾਨੂੰ ਲੱਭ ਰਿਹਾ ਹੈ, ਤੁਸੀਂ ਪਰਮੇਸ਼ੁਰ ਨੂੰ ਨਹੀਂ ਲੱਭ ਰਹੇ। ਤੁਸੀਂ ਇਹ ਕਦੇ ਨਹੀਂ ਕੀਤਾ। ਤੁਹਾਡਾ ਸੁਭਾਅ ਗਲਤ ਹੈ। ਤੁਸੀਂ ਇੱਕ ਸੂਰ ਹੋ। ਤੁਸੀਂ ਉਸ ਨਾਲੋਂ ਕੁਝ ਵੱਖਰਾ ਨਹੀਂ ਜਾਣਦੇ। ਤੁਸੀਂ ਸਿਰਫ ਇੱਕ ਸੂਰਬਾੜ ਵਿੱਚ ਰਹਿੰਦੇ ਹੋ। ਇਹ ਸਭ ਤੁਸੀਂ ਜਾਣਦੇ ਹੋ। ਤੁਹਾਨੂੰ ਇਹ ਪਸੰਦ ਹੈ। ਬੀਅਰ ਪੀਂਦੇ ਹੋ, ਇੱਧਰ-ਉੱਧਰ ਘੁੰਮਦੇ ਹੋ, ਨਾਲ ਵਾਲੇ ਆਦਮੀ ਦੀ ਪਤਨੀ ਨਾਲ ਦੌੜਦੇ ਹੋ, ਅਤੇ ਜੋ ਵੀ ਤੁਸੀਂ ਕਰ ਸਕਦੇ ਹੋ ਉਹ ਬੁਰਾ ਹੈ, ਬੱਸ ਚੰਗਾ ਲੱਗਦਾ ਹੈ। "ਔਹ, ਭਾਈ, ਅਸੀਂ ਬਹੁਤ ਵਧੀਆ ਸਮਾਂ ਵਤੀਤ ਕਰ ਰਹੇ ਹਾਂ!" ਤੁਸੀਂ ਸੋਚਦੇ ਹੋ ਕਿ ਇਹ ਚੰਗਾ ਹੈ।

403 ਪਰ ਪਰਮੇਸ਼ੁਰ ਤੁਹਾਡੇ ਦਿਲ ਤੇ ਖੜਕਾਉਂਦਾ ਹੈ। [ਭਾਈ ਬ੍ਰਨਹਮ ਪੁਲਪਿਟ ਤੇ ਖੜਕਾਉਂਦੇ ਹਨ—ਸੰਪਾ.] ਇਹੀ ਬਦਲਦਾ ਹੈ। ਤੁਸੀਂ ਪਰਮੇਸ਼ੁਰ ਦੇ ਬੂਹੇ ਤੇ ਨਹੀਂ ਖੜਕਾ ਰਹੇ; ਪਰਮੇਸ਼ੁਰ ਤੁਹਾਡੇ ਬੂਹੇ ਤੇ ਖੜਕਾਉਂਦਾ ਹੈ।

ਆਦਮ ਨੇ ਕਦੇ ਵੀ ਪਰਮੇਸ਼ੁਰ ਦੇ ਦਿਲ ਨੂੰ ਨਹੀਂ ਖੜਕਾਇਆ; ਪਰਮੇਸ਼ੁਰ ਨੇ ਆਦਮ ਦੇ ਦਿਲ ਨੂੰ ਖੜਕਾਇਆ। ਅਤੇ ਤੁਸੀਂ ਆਦਮ ਦੇ ਪੁੱਤਰ ਹੋ। ਇਹ ਸਹੀ ਹੈ। ਇਸ ਤੋਂ ਪਹਿਲਾਂ ਕਿ ਆਦਮ ਪਰਮੇਸ਼ੁਰ ਦਾ ਪੁੱਤਰ ਬਣ ਸਕਦਾ, ਦੁਬਾਰਾ, ਪਰਮੇਸ਼ੁਰ ਨੂੰ ਉਸ ਦੇ ਦਿਲ ਤੇ ਖੜਕਾਉਣਾ ਪਿਆ। ਇਸ ਤੋਂ ਪਹਿਲਾਂ ਕਿ ਤੁਸੀਂ ਪਰਮੇਸ਼ੁਰ ਦੇ ਪੁੱਤਰ ਬਣ ਸਕੋ, ਪਰਮੇਸ਼ੁਰ ਨੇ ਤੁਹਾਡੇ ਦਿਲ ਤੇ ਦਸਤਕ ਦੇਣੀ ਹੈ।

404 ਫਿਰ, ਅਬਰਾਹਾਮ ਸੌਂ ਗਿਆ। ਅਤੇ ਜਦੋਂ ਉਹ ਸੌਂ ਗਿਆ, ਤਾਂ ਉਸਨੇ ਸਭ ਤੋਂ ਪਹਿਲਾਂ ਕੀ ਦੇਖਿਆ? ਇੱਕ ਅਸਲੀ ਭਿਆਨਕ, ਅਜੀਬ, ਡਰਾਉਣਾ, ਹਨੇਰਾ। ਇਹ ਮੌਤ ਹੈ, ਜੋ ਸਾਰੀ ਮਨੁੱਖ ਜਾਤੀ ਉੱਤੇ ਆਉਂਦੀ ਹੈ। ਫਿਰ ਉਸ ਨੇ ਉਸ ਤੋਂ ਥੋੜ੍ਹੀ ਦੂਰ ਤੱਕਿਆ, ਤਾਂ ਉਸ ਨੂੰ ਧੂੰਏਂ ਦੀ ਭੱਠੀ ਦਿਖਾਈ ਦਿੱਤੀ। ਧੂੰਆਂ ਹੋਣ ਤੋਂ ਪਹਿਲਾਂ, ਤੁਹਾਡੇ ਕੋਲ ਅੱਗ ਹੋਣੀ ਚਾਹੀਦੀ ਹੈ। ਇਹੀ ਕਾਰਨ ਹੈ ਕਿ ਮੈਂ ਨਰਕ ਨੂੰ ਬਲਦੀ ਹੋਈ ਜਗ੍ਹਾ ਮੰਨਦਾ ਹਾਂ। ਠੀਕ ਹੈ।

405 ਉਸਨੇ ਦਿਖਾਇਆ, ਸਾਡੇ ਵਿੱਚੋਂ ਹਰ ਇੱਕ ਮੌਤ ਦੇ ਅਧੀਨ ਹੈ, ਅਤੇ ਸਾਡੇ ਵਿੱਚੋਂ ਹਰ ਇੱਕ ਨੂੰ ਨਰਕ ਵਿੱਚ ਜਾਣਾ ਚਾਹੀਦਾ ਹੈ, ਕਿਉਂਕਿ ਅਸੀਂ ਪਾਪੀ ਹਾਂ।

406 ਹੁਣ, ਪਰ, ਉਸ ਤੋਂ ਪਰੇ, ਉਸਨੇ ਥੋੜੀ ਜਿਹੀ, ਚਿੱਟੀ ਰੋਸ਼ਨੀ ਦੇਖੀ।

407 ਅਤੇ ਇਹ ਛੋਟੀ, ਚਿੱਟੀ ਰੋਸ਼ਨੀ, ਰੋਸ਼ਨੀ ਕੀ ਹੈ? ਉਹ ਚਿੱਟੀ ਰੌਸ਼ਨੀ ਕੀ ਸੀ? ਉਹ ਅੱਗ ਦਾ ਥੰਮ੍ਹ ਜੋ ਇਸਰਾਏਲੀਆਂ ਦੇ ਅੱਗੇ ਚੱਲਿਆ। ਅੱਗ ਦਾ ਥੰਮ੍ਹ ਜੋ ਪੌਲੁਸ ਨੂੰ ਦੰਮਿਸਕ ਨੂੰ ਜਾਂਦੇ ਰਾਹ ਤੇ ਮਿਲਿਆ ਸੀ। ਅੱਗ ਦਾ ਥੰਮ੍ਹ ਜੋ ਪਤਰਸ ਨੂੰ ਜੇਲ੍ਹ ਤੋਂ ਬਾਹਰ ਲੈ ਗਿਆ। ਅੱਗ ਦਾ ਥੰਮ੍ਹ ਜੋ ਅੱਜ ਰਾਤ ਇੱਥੇ ਹੈ।

408 ਉਹ ਅਨਾਦਿ, ਸਦੀਪਕ ਪਰਮੇਸ਼ੁਰ, ਉਹ ਆਪ ਹੀ ਇਹਨਾਂ ਟੋਟੇ ਕੀਤੇ ਬਲੀਦਾਨਾਂ ਵਿੱਚੋਂ ਦੀ ਲੰਘਿਆ, (ਔਹ, ਮੇਰੇ), ਹਰ ਇੱਕ ਤੇ ਅੱਗੇ ਅਤੇ ਪਿੱਛੇ। "ਇਸ ਤਰ੍ਹਾਂ ਮੈਂ ਇਹ ਕਰਨ ਜਾ ਰਿਹਾ ਹਾਂ, ਅਬਰਾਹਾਮ। ਮੈਨੂੰ ਦੇਖ, ਮੈਂ ਕੀ ਕਰਨ ਜਾ ਰਿਹਾ ਹਾਂ। ਮੈਂ ਇੱਥੇ ਇੱਕ ਨੇਮ ਬੰਨ੍ਹ ਰਿਹਾ ਹਾਂ। ਅਤੇ ਮੈਂ ਸਹੁੰ ਚੁੱਕਾਂਗਾ, ਕਿ, ਬੀਜ ਦੇ ਅਨੁਸਾਰ, ਮੈਂ ਇੱਕ ਵਿਚੋਲੇ ਨੂੰ ਖੜ੍ਹਾ ਕਰਾਂਗਾ। ਮੈਂ ਮੌਤ ਨਾਲ ਇੱਕ ਨੇਮ ਬਣਾਂਗਾ। ਅਤੇ ਮੈਂ ਸਰੀਰ ਵਿੱਚ, ਮੌਤ ਨੂੰ ਝਿੜਕਾਂਗਾ, ਕਿਉਂਕਿ ਮੈਂ ਇਸਨੂੰ ਆਪ ਆ ਕੇ ਲੈ ਲਵਾਂਗਾ। ਅਬਰਾਹਾਮ," ਕਿਹਾ, "ਤੇਰੀ ਸੰਤਾਨ ਦੁਆਰਾ, ਅਬਰਾਹਾਮ, ਆਵੇਗਾ, ਤੂੰ ਸੰਸਾਰ ਦਾ ਪਿਤਾ ਹੋਵੇਂਗਾ, ਤੇਰੇ ਬੀਜ ਦੁਆਰਾ। ਅਤੇ ਨਾ ਸਿਰਫ਼ ਤੇਰੇ ਨਾਲ, ਮੈਂ ਤੇਰੇ ਨਾਲ ਇਹ ਵਾਅਦਾ ਕਰਦਾ ਹਾਂ, ਅਤੇ ਤੇਰੇ ਬਾਅਦ ਤੇਰੀ ਸੰਤਾਨ ਨਾਲ ਵੀ।" ਉਹ ਜਾਣਦਾ ਸੀ

ਕਿ ਹਰ ਇੱਕ ਹੋਵੇਗਾ। "*ਉਹ ਨਹੀਂ*; ਪਰ ਜੋ ਮੈਂ ਕਰਦਾ ਹਾਂ। ਮੈਂ ਇਹ ਕਰਨ ਜਾ ਰਿਹਾ ਹਾਂ, ਅਬਰਾਹਾਮ। ਮੈਂ ਆਦਮ ਤੇ ਭਰੋਸਾ ਕੀਤਾ, ਅਤੇ ਉਸਨੇ ਇਸ ਨੂੰ ਤੋੜ ਦਿੱਤਾ। ਅਤੇ ਹਰ ਕੋਈ ਇਸ ਨੂੰ ਤੋੜਦਾ ਹੈ। ਪਰ ਮੈਂ ਇਸਨੂੰ ਆਪਣੇ ਨਾਲ ਬਣਾਂਗਾ, ਅਤੇ ਆਪਣੇ ਆਪ ਦੀ ਸਹੁੰ ਖਾਵਾਂਗਾ, 'ਮੈਂ ਇਸ ਨੂੰ ਕਾਇਮ ਰੱਖਾਂਗਾ।'" ਆਮੀਨ। ਆਮੀਨ। ਆਮੀਨ।

409 ਅਸੀਂ ਕੀ ਕਰੀਏ, ਅਸੀਂ ਇੱਕ ਨੇਮ ਬਨ੍ਹੀਏ? ਮੈਂ ਕਿਹਾ, "ਭਾਈ ਨੇਵਿਲ…" ਹੁਣ ਇਸ ਨੂੰ ਦੇਖੋ, ਸਿਰਫ ਇੱਕ ਮਿੰਟ। ਮੈਂ ਕਿਹਾ, "ਭਾਈ ਨੇਵਿਲ, ਤੁਹਾਨੂੰ ਦੱਸਾਂਗਾ ਕਿ ਮੈਂ ਕੀ ਕਰਾਂਗਾ। ਜੇ ਤੁਸੀਂ ਪ੍ਰਚਾਰ ਕਰੋਗੇ…ਕੱਲ੍ਹ ਰਾਤ, ਅਤੇ ਅਗਲੀ ਰਾਤ, ਬੁੱਧਵਾਰ ਤੱਕ, ਤਾਂ ਮੈਂ ਪ੍ਰਚਾਰ ਕਰਾਂਗਾ, ਬੁੱਧਵਾਰ ਤੋਂ, ਐਤਵਾਰ ਤੱਕ।" [ਟੇਪ ਤੇ ਖਾਲੀ ਥਾਂ—ਸੰਪਾ.] "ਕੀ ਤੁਸੀਂ ਇਹ ਸਮਝੌਤਾ ਕਰਦੇ ਹੋ?"

410 "ਹਾਂ, ਸ਼੍ਰੀਮਾਨ।"

411 ਇਹ ਉਹ ਤਰੀਕਾ ਹੈ ਜਿਸ ਤਰ੍ਹਾਂ ਅਸੀਂ ਕਰਦੇ ਹਾਂ। "ਹਿਲਾਓ, ਲੜਕੇ।" ਇਹ ਹੀ ਗੱਲ ਹੈ। ਇਹ ਅਮਰੀਕਾ ਵਿੱਚ ਇੱਕ ਨੇਮ ਹੈ। ਇਸ ਤਰ੍ਹਾਂ ਅਸੀਂ ਇਕ ਨੇਮ ਬੰਨਦੇ ਹਾਂ।

412 ਹੁਣ, ਉਹ ਜਪਾਨ ਵਿਚ ਨੇਮ ਕਿਵੇਂ ਬੰਨ੍ਹਦੇ ਹਨ? ਜਦ ਅਸੀਂ ਬੰਨ੍ਹਦੇ ਹਾਂ, ਤਾਂ ਕਹਿੰਦੇ ਹਾਂ, "ਤੁਸੀਂ *ਫਲਾਣਾ-ਫਲਾਣਾ* ਕੰਮ ਕਰੋ, ਤਾਂ ਮੈਂ *ਫਲਾਣਾ-ਫਲਾਣਾ* ਕੰਮ ਕਰਾਂਗਾ।" ਅਸੀਂ ਥੋੜਾ ਜਿਹਾ ਲੂਣ ਲੈਂਦੇ ਹਾਂ, ਕਿਉਂਕਿ ਲੂਣ ਇੱਕ ਸੁਆਦ ਹੈ। ਅਤੇ ਅਸੀਂ ਲੂਣ ਲੈਂਦੇ ਹਾਂ, ਅਤੇ ਮੈਂ ਇਸਨੂੰ ਭਾਈ ਨੇਵਿਲ ਤੇ ਸੁੱਟਦੇ ਹਾਂ, ਅਤੇ ਭਾਈ ਨੇਵਿਲ ਲੂਣ—ਲੂਣ ਲੈਂਦਾ ਹੈ ਅਤੇ ਇਸ ਨੂੰ ਮੇਰੇ ਉੱਤੇ ਸੁੱਟਦਾ ਹੈ। ਇਹ ਇੱਕ ਬੰਧਨ ਵਾਲਾ ਨੇਮ ਹੈ।

413 ਡੇਵਿਡ ਲਿਵਿੰਗਸਟੋਨ ਨੇ ਅਫ਼ਰੀਕੀ ਨੀਗਰੋ ਨਾਲ ਆਪਣੀ ਧਰਤੀ ਉੱਤੇ ਜਾਣ ਲਈ, ਇਕ ਨੇਮ ਕਿਵੇਂ ਬੰਨ੍ਹਿਆ? ਉਹ ਗਿਆ ਅਤੇ ਮੁਖੀ ਨੂੰ ਮਿਲਿਆ, ਤਾਂ ਜੋ ਉਹ ਉੱਥੋਂ ਲੰਘ ਸਕੇ, ਖੁਸ਼ਖਬਰੀ ਦਾ ਪ੍ਰਚਾਰ ਕਰਨ ਅਤੇ ਕੰਮ ਕਰਨ ਲਈ। ਅਤੇ ਉਨ੍ਹਾਂ ਨੇ ਦਾਖਰਸ ਦਾ ਇੱਕ ਪਿਆਲਾ ਲਿਆ। ਇੱਥੇ ਅਫਰੀਕਾ ਵਿੱਚ ਨੀਗਰੋ ਨਾਲ ਨੇਮ ਹੈ। ਉਨ੍ਹਾਂ ਕੋਲ ਦਾਖਰਸ ਦਾ ਪਿਆਲਾ ਸੀ। ਅਤੇ ਨੀਗਰੋ ਮੁਖੀ ਨੇ ਆਪਣੀਆਂ ਨਾੜਾਂ ਪੁੱਟੀਆਂ, ਅਤੇ ਲਹੂ ਨੂੰ ਇਸ ਦਾਖਰਸ ਦੇ ਪਿਆਲੇ ਵਿੱਚ ਪਾ ਦਿੱਤਾ। ਅਤੇ ਡੇਵਿਡ ਲਿਵਿੰਗਸਟੋਨ ਨੇ ਆਪਣੀਆਂ ਨਾੜੀਆਂ ਨੂੰ ਪਾੜਿਆ, ਅਤੇ ਲਹੂ ਨੂੰ ਦਾਖਰਸ ਦੇ ਪਿਆਲੇ ਵਿੱਚ ਪਾ ਦਿੱਤਾ। ਉਨ੍ਹਾਂ ਨੇ ਇਸ ਨੂੰ ਹਿਲਾਇਆ। ਇਸਦਾ ਅੱਧ ਲਿਵਿੰਗਸਟੋਨ ਨੇ ਪੀਤਾ, ਅਤੇ ਨੀਗਰੋ ਮੁਖੀ ਨੇ ਇਸਦਾ ਅੱਧ ਪੀਤਾ। ਫਿਰ ਉਹ ਇੱਕ ਦੂਜੇ ਨੂੰ, ਤੋਹਫ਼ਾ ਦਿੰਦੇ

ਹਨ। ਨੀਗਰੋ ਮੁਖੀ, ਡੇਵਿਡ ਲਿਵਿੰਗਸਟੋਨ ਨੇ ਕਿਹਾ, "ਤੁਹਾਨੂੰ ਮੇਰੇ ਤੋਂ ਕੀ ਚਾਹੀਦਾ ਹੈ?"

414 ਉਸ ਨੇ ਕਿਹਾ, "ਉਹ ਚਿੱਟਾ ਕੋਟ ਜੋ ਤੁਸੀਂ ਪਾਇਆ ਹੈ।" ਇਸ ਲਈ ਲਿਵਿੰਗਸਟੋਨ ਨੇ ਆਪਣਾ ਕੋਟ ਉਤਾਰ ਕੇ ਨੀਗਰੋ ਮੁਖੀ ਨੂੰ ਦੇ ਦਿੱਤਾ। ਉਸ ਨੇ ਕਿਹਾ, "ਤੁਹਾਨੂੰ ਕੀ ਚਾਹੀਦਾ ਹੈ?"

415 ਉਸ ਨੇ ਕਿਹਾ, "ਉਹ ਪਵਿੱਤਰ ਬਰਛੀ ਜੋ ਤੁਹਾਡੇ ਹੱਥ ਵਿੱਚ ਹੈ।" ਕਿਉਂਕਿ, ਉਹ ਜਾਣਦਾ ਸੀ ਕਿ ਉਹ ਇਸ ਨਾਲ ਅੰਦਰ ਜਾ ਸਕਦਾ ਹੈ, ਇਸ ਲਈ ਉਸਨੇ ਉਹ ਬਰਛੀ ਲੈ ਲਈ। ਅਤੇ ਉਹ ਭਰਾ ਸਨ, ਕਿਉਂਕਿ ਉਨ੍ਹਾਂ ਨੇ ਇੱਕ ਨੇਮ ਬੰਨ੍ਹਿਆ ਸੀ।

416 ਅਤੇ ਜਦੋਂ ਉਹ ਬਾਹਰ ਜਾਂਦਾ ਸੀ, ਅਤੇ ਕਬੀਲੇ ਉਸਨੂੰ ਮਾਰਨ ਲਈ ਭੱਜਦੇ ਸਨ, ਉਹ ਉਸ ਪਵਿੱਤਰ ਬਰਛੇ ਨੂੰ ਉੱਪਰ ਉਠਾ ਲੈਂਦਾ ਸੀ। ਅਤੇ ਜਦੋਂ ਉਸਨੇ ਅਜਿਹਾ ਕੀਤਾ, ਤਾਂ ਉਨ੍ਹਾਂ ਨੇ ਵੇਖਿਆ ਅਤੇ ਕਿਹਾ, "ਔਹ, ਓਹ, ਅਸੀਂ ਉਸ ਆਦਮੀ ਨੂੰ ਛੂਹ ਨਹੀਂ ਸਕਦੇ।" ਕਿਉਂ? "ਉਹ ਇਕ ਨੇਮ ਵਾਲਾ ਭਰਾ ਹੈ, ਹਾਲਾਂਕਿ ਉਹ ਗੋਰਾ ਹੈ, ਭਾਵੇਂ ਅਸੀਂ ਉਸ ਨੂੰ ਪਹਿਲਾਂ ਕਦੇ ਨਹੀਂ ਦੇਖਿਆ।" ਉਹ ਕਦੇ ਨਹੀਂ ਜਾਣਦੇ ਸਨ ਕਿ ਉਹ ਕਾਲੇ ਸਨ ਜਦੋਂ ਤੱਕ ਉਨ੍ਹਾਂ ਨੇ ਉਸਨੂੰ ਨਹੀਂ ਦੇਖਿਆ। ਉਨ੍ਹਾਂ ਨੇ ਅਜਿਹਾ ਪਹਿਲਾਂ ਕਦੇ ਨਹੀਂ ਦੇਖਿਆ। "ਪਰ ਉਹ ਇਕ ਨੇਮ ਵਾਲਾ ਭਰਾ ਹੈ। ਉਸਦੇ ਹੱਥ ਵਿੱਚ ਮੁਖੀ ਦਾ ਬਰਛਾ ਹੈ।"

417 ਕਿੰਨੀ ਸੁੰਦਰ ਤਸਵੀਰ ਹੈ, ਅੱਜ, ਪ੍ਰਭੂ ਯਿਸੂ ਦੇ ਲਹੂ ਦੇ ਨੇਮ ਨੂੰ ਪੀਣ ਦੀ, ਸਾਡੇ ਉੱਤੇ ਪਵਿੱਤਰ ਆਤਮਾ ਦੀ ਸ਼ਕਤੀ ਨਾਲ! ਅਸੀਂ ਯਿਸੂ ਦੇ ਨਾਮ ਵਿੱਚ ਅੱਗੇ ਵਧਦੇ ਹਾਂ, ਅਤੇ ਇਹ ਚਿੰਨ੍ਹ ਉਹਨਾਂ ਦਾ ਨਾਲ ਹੋਣਗੇ ਜੋ ਇਸ ਨਾਲ ਸੰਬੰਧਿਤ ਹਨ। ਇਹ ਮੁਖੀ ਦਾ ਪਵਿੱਤਰ ਬਰਛਾ ਹੈ। ਦੇਖੋ ਇਹ ਕਿਵੇਂ ਹੈ, ਨੇਮ?

418 ਉਨ੍ਹਾਂ ਨੇ ਪੂਰਬੀ ਸਮੇਂ ਵਿੱਚ ਇਹ ਕਿਵੇਂ ਕਰਦੇ ਸਨ? ਉਹ ਸਹੁੰ ਖਾਂਦੇ ਸਨ, ਇੱਕ ਦੂਜੇ ਨਾਲ। ਉਹ ਇੱਕ ਜਾਨਵਰ ਨੂੰ ਮਾਰਦੇ ਸਨ, ਇਸਨੂੰ ਪਾੜ ਕੇ ਖੋਲਦੇ ਸਨ, ਅਤੇ ਬਿਲਕੁੱਲ ਵਿਚਕਾਰ ਖੜੇ ਹੋ ਜਾਂਦੇ ਸਨ। ਦੋ ਆਦਮੀ ਇਸ ਦੇ ਵਿਚਕਾਰ ਖੜ੍ਹੇ ਹੋ ਜਾਂਦੇ ਸਨ, ਟੋਟੇ ਕੀਤੇ ਹੋਏ ਜਾਨਵਰ ਵਿਚਕਾਰ। ਅਤੇ ਉਹ ਇੱਕ ਨੇਮ ਬੰਨ੍ਹਦੇ ਸਨ। "ਜੇ ਮੈਂ *ਇਸ* ਨੂੰ ਰੱਖਣ ਵਿੱਚ ਅਸਫਲ ਰਿਹਾ, ਜੇ ਮੈਂ *ਅਜਿਹਾ* ਕਰਨ ਵਿੱਚ ਅਸਫਲ ਰਿਹਾ, ਤਾਂ ਕਿਉਂ, *ਇਹ* ਅਤੇ *ਇਸ-ਤਰ੍ਹਾਂ*, ਮੇਰਾ ਸਰੀਰ ਨੂੰ ਇਸ ਮਰੇ ਹੋਏ ਜਾਨਵਰ ਵਾਂਗ ਹੋ ਜਾਵੇ। ਮੇਰਾ ਸਰੀਰ ਨੂੰ ਇਸ ਮਰੇ ਹੋਏ ਜਾਨਵਰ ਵਾਂਗ ਹੋ ਜਾਵੇ।" ਅਤੇ ਜਦੋਂ ਉਹ ਅਜਿਹਾ ਕਰਦੇ ਸਨ, ਉਹ ਇਸ ਨੇਮ ਨੂੰ ਲੈਂਦੇ ਸਨ ਅਤੇ *ਇਸਦੇ* ਵਿਚਕਾਰ ਖੜੇ ਹੁੰਦੇ ਸਨ; ਸਹੁੰ

ਖਾਂਦੇ ਸਨ, ਸਹੁੰ ਖਾਂਦੇ ਸਨ ਕਿ ਉਹ ਇਹ ਕਰਨਗੇ। ਅਤੇ ਉਹ ਕਾਗਜ਼ ਪਾੜਦੇ ਹਨ, ਇਕੱਠੇ, ਦੋ ਹਿੱਸੇ ਕਰਦੇ ਹਨ, ਅਤੇ ਇੱਕ ਨੂੰ ਇੱਕ ਆਦਮੀ ਨੂੰ ਸੌਂਪ ਦਿੰਦੇ ਹਨ, ਅਤੇ ਦੂਜੇ ਤੋਂ ਦੂਸਰੇ ਆਦਮੀ ਨੂੰ। ਇੱਕ ਨਿਸ਼ਚਿਤ ਸਮੇਂ ਤੇ ਉਹ ਮਿਲਣਗੇ। ਅਤੇ ਜੇਕਰ ਉਹ ਇਸ ਸਹੁੰ ਨੂੰ ਪੂਰਾ ਕਰਨ ਵਿੱਚ ਅਸਫਲ ਰਹਿੰਦੇ ਹਨ, ਤਾਂ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ; ਅਤੇ ਉਨ੍ਹਾਂ ਮਰੇ ਹੋਏ ਜਾਨਵਰਾਂ ਵਾਂਗ ਹੋ ਜਾਂਦੇ ਹਨ। ਠੀਕ ਹੈ।

419 ਤੁਸੀਂ ਤਿੰਨ ਜਾਨਵਰਾਂ ਵੱਲ ਧਿਆਨ ਦਿੱਤਾ? ਸੰਪੂਰਣ; ਲੇਲਾ, ਬੱਕਰਾ, ਅਤੇ ਤਿੰਨ ਸੰਪੂਰਣ ਬਲੀਦਾਨ। ਲੇਲਾ ਕੀ ਸੀ...ਘੁੱਗੀ ਕੀ ਸੀ? ਅਤੇ ਦੋ ਘੁੱਗੀਆਂ ਦਾ ਕੀ ਮਤਲਬ ਸੀ? ਦੋ ਘੁੱਗੀਆਂ ਨੂੰ ਮੁਕਤੀ ਅਤੇ ਚੰਗਾਈ ਦੋਵਾਂ ਲਈ ਕੁਰਬਾਨ ਕੀਤਾ ਗਿਆ ਸੀ, ਵਿੱਚ—ਵਿੱਚ...ਜੋ ਕਿ ਇਸ ਵਿੱਚ ਚਲਾ ਗਿਆ। ਸਮਝੇ? ਪ੍ਰਾਸਚਿਤ ਵੱਖੋ-ਵੱਖਰੇ ਕੀਤੇ ਗਏ ਸਨ, ਪਰ ਚੰਗਾਈ ਉਸੇ ਤਰ੍ਹਾਂ ਜਾਰੀ ਰਹੀ, ਅਤੇ ਮੁਕਤੀ ਵੀ ਉਸੇ ਤਰ੍ਹਾਂ ਜਾਰੀ ਰਹੀ। ਦੋ ਘੁੱਗੀਆਂ ਨੂੰ, ਕੱਟਿਆ ਨਹੀਂ ਗਿਆ, ਇਸ ਦਾ ਮਤਲਬ ਹੈ ਕਿ ਉਹ, ਦੋਨਾਂ ਨੂੰ ਦਰਸਾਉਂਦੇ ਹਨ, ਮੁਕਤੀ..."ਉਸ ਦੇ ਮਾਰ ਖਾਣ ਨਾਲ ਅਸੀਂ ਨਰੋਏ ਕੀਤੇ ਗਏ। ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ। ਉਸ ਦੇ ਮਾਰ ਖਾਣ ਨਾਲ ਅਸੀਂ ਨਰੋਏ ਕੀਤੇ ਗਏ।" ਉਹ ਪਾਸੇ ਰੱਖੇ ਗਏ ਸਨ, ਵੱਖ ਨਹੀਂ ਕੀਤੇ ਗਏ ਸਨ। ਪਰ ਨੇਮ, ਜਾਨਵਰ ਦਾ ਹਿੱਸਾ (ਉਨ੍ਹਾਂ ਵਿਚੋਂ ਤਿੰਨਾਂ ਦਾ) ਕੱਟਿਆ ਗਿਆ ਸੀ। ਤੁਸੀਂ ਸਮਝੇ? ਫਿਰ ਜਦੋਂ ਉਨ੍ਹਾਂ ਨੇ ਅਜਿਹਾ ਕੀਤਾ, ਤਾਂ ਉਨ੍ਹਾਂ ਨੇ ਪਾੜ ਦਿੱਤਾ ਅਤੇ ਆਪਣਾ ਨੇਮ ਬਣਾਇਆ।

420 ਦੇਖੋ ਕਿ ਪਰਮੇਸ਼ੁਰ ਅਬਰਾਹਾਮ ਨੂੰ ਕੀ ਕਹਿ ਰਿਹਾ ਸੀ: "ਕਲਵਰੀ ਤੇ, ਕਲਵਰੀ ਤੇ, ਤੁਹਾਡੇ ਬੀਜ ਦੇ ਅਨੁਸਾਰ। ਤੇਰੇ ਵਿੱਚੋਂ ਇਸਹਾਕ ਆਇਆ, ਇਸਹਾਕ ਵਿੱਚੋਂ ਫਲਾਣਾ-ਫਲਾਣਾ ਆਵੇਗਾ, ਯਾਕੂਬ, ਯਾਕੂਬ ਵਿੱਚੋਂ ਯੂਸੁਫ਼ ਆਵੇਗਾ, ਯੂਸੁਫ਼ ਤੋਂ, ਹੇਠਾਂ, ਹੇਠਾਂ, ਹੇਠਾਂ, ਹੇਠਾਂ, ਉੱਤਰਾਧਿਕਾਰੀ ਆਇਆ, ਅੰਤ ਵਿੱਚ, ਉਸ ਧਰਮੀ ਸੰਤਾਨ ਦੁਆਰਾ!" ਉਸਦੀ...

421 ਉਹ ਹੁਣੇ ਹੀ ਇੱਥੇ, ਪਹੁੰਚਿਆ, ਇਹ ਕਹਿੰਦੇ ਹੋਏ ਕਿ ਸਾਡਾ ਪ੍ਰਭੂ ਇੱਕ ਅਜਿਹੀ ਕੌਮ ਵਿੱਚੋਂ ਨਿਕਲਿਆ ਜੋ ਉਸਨੂੰ ਨਹੀਂ ਜਾਣਦੀ ਸੀ। ਮੂਸਾ ਨੇ ਵੀ ਕਦੇ ਇਸ ਦੀ ਗੱਲ ਨਹੀਂ ਕੀਤੀ, ਜਾਜਕਾਈ ਵਿੱਚੋਂ ਆਇਆ ਸੀ। "ਸਾਡਾ ਪ੍ਰਭੂ ਯਹੂਦਾਹ ਦੇ ਗੋਤ ਵਿੱਚੋਂ ਨਿਕਲਿਆ।" ਲੇਵੀ ਤੋਂ ਨਹੀਂ, ਕਿਉਂਕਿ ਉਹ ਸਰੀਰਕ ਸ਼ਰਾ ਨੂੰ ਮੰਨਣ ਵਾਲੇ ਸਨ। ਪਰ ਸਾਡਾ ਪ੍ਰਭੂ ਯਹੂਦਾਹ ਵਿੱਚੋਂ ਆਇਆ। ਮਹਿਮਾ! ਉਥੇ ਤੁਸੀਂ ਹੋ। ਜਿੱਥੇ ਵਾਅਦਾ ਕੀਤਾ ਗਿਆ ਸੀ!

422 ਹੁਣ ਧਿਆਨ ਨਾਲ ਸੁਣੋ, ਜਦ ਅਸੀਂ ਬੰਦ ਕਰ ਰਹੇ ਹਾਂ। ਅਤੇ ਕਲਵਰੀ ਤੇ, ਪਰਮੇਸ਼ੁਰ ਹੇਠਾਂ ਆਇਆ ਅਤੇ ਆਪਣੇ ਪੁੱਤਰ ਦੀ ਦੇਹ ਨੂੰ ਲੈ ਗਿਆ, ਜਿਸ ਵਿੱਚ ਉਹ ਰਹਿੰਦਾ ਸੀ, ਅਤੇ ਉਸਨੇ ਇਸਨੂੰ ਕਲਵਰੀ ਤੇ ਪਾੜ ਦਿੱਤਾ। ਉਸਦਾ ਲਹੂ ਵਹਾਇਆ ਗਿਆ, ਜ਼ਖਮੀ ਕੀਤਾ ਗਿਆ, ਕੱਟਿਆ ਗਿਆ, ਅਤੇ ਬਰਛਾ ਉਸ ਦੇ ਮਾਰਿਆ ਗਿਆ ਅਤੇ ਉਸਨੂੰ ਪਾੜ ਦਿੱਤਾ, ਅਤੇ ਉਸਦਾ ਲਹੂ ਬਾਹਰ ਨੂੰ ਵਗ ਪਿਆ। ਅਤੇ ਉਸਨੇ ਕਿਹਾ, "ਪਿਤਾ, ਮੈਂ ਆਪਣੀ ਆਤਮ ਤੁਹਾਡੇ ਹੱਥਾਂ ਵਿੱਚ ਸੌਂਪਦਾ ਹਾਂ।" ਉਸਨੇ ਆਪਣਾ ਸਿਰ ਝੁਕਾਇਆ। ਅਤੇ ਧਰਤੀ ਕੰਬ ਗਈ, ਬਿਜਲੀ ਚਮਕੀ, ਅਤੇ ਗਰਜਾਂ ਹੋਈਆਂ। ਪਰਮੇਸ਼ੁਰ ਆਪਣਾ ਸਦੀਪਕ ਨੇਮ ਲਿਖ ਰਿਹਾ ਸੀ।

423 ਅਤੇ ਉਸ ਨੇ ਉਸਦੀ ਲਾਸ਼ ਨੂੰ ਕਬਰ ਵਿੱਚੋਂ ਕੱਢ ਲਿਆ, ਹਫ਼ਤੇ ਦੇ ਪਹਿਲੇ ਦਿਨ, ਅਤੇ ਇਸ ਨੂੰ ਸਵਰਗ ਵਿੱਚ ਲੈ ਗਿਆ, ਅਤੇ ਉੱਥੇ ਉਸਨੂੰ ਪ੍ਰਧਾਨ ਜਾਜਕ ਦੇ ਸੱਜੇ ਹੱਥ ਬਿਠਾਇਆ, ਇੱਕ ਯਾਦਗਾਰ ਦੇ ਤੌਰ; ਉੱਥੇ ਬੈਠਾ ਹੋਇਆ ਹੈ, ਸੰਪੂਰਨ, ਸਦਾ ਲਈ। ਅਤੇ ਉਸਨੇ ਆਤਮਾ ਨੂੰ ਭੇਜਿਆ ਜਿਸਨੂੰ ਉਸਨੇ ਉਸ ਸਰੀਰ ਵਿੱਚੋਂ ਪਾੜ ਕੇ ਬਾਹਰ ਕੱਢਿਆ ਸੀ, ਹੇਠਾਂ ਕਲੀਸਿਯਾ ਦੇ ਉੱਤੇ। ਅਤੇ ਉਸ ਕਲੀਸਿਯਾ ਵਿੱਚ ਉਹੀ ਆਤਮਾ ਹੋਣੀ ਚਾਹੀਦੀ ਹੈ ਜੋ ਉਸ ਸਰੀਰ ਵਿੱਚ ਸੀ, ਜਾਂ ਇਹ ਪੁਨਰਉਥਾਨ ਵਿੱਚ ਇਸ ਦੇ ਨਾਲ ਮੇਲ ਨਹੀਂ ਕਰੇਗੀ। ਉਹ ਦੋ ਟੁਕੜੇ ਬਿਲਕੁਲ ਇਕੱਠੇ ਹੋਣੇ ਚਾਹੀਦੇ ਹਨ। ਅਤੇ ਜੇ ਇਹ ਕਲੀਸਿਯਾ ਸੰਪੂਰਨ ਨਹੀਂ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਉਹ ਆਤਮਾ ਮਸੀਹ ਵਿੱਚ ਸੀ, ਤਾਂ ਤੁਸੀਂ ਕਦੇ ਵੀ ਰੈਪਚਰ ਵਿੱਚ ਨਹੀਂ ਜਾਵੋਗੇ।

424 ਇੱਥੇ ਸਦੀਪਕ ਨੇਮ ਹੈ, ਭਾਈ। ਇਸ ਨੂੰ ਆਪ ਹੀ, ਲੱਭੋ, ਜੋ ਤੁਹਾਡੇ ਆਪਣੇ ਦਿਲ ਵਿੱਚ ਹੈ। ਪ੍ਰਭੂ ਨੂੰ ਪਿਆਰ ਕਰੋ। ਸੱਚਮੁੱਚ ਯਕੀਨੀ ਬਣਾਓ ਕਿ ਤੁਸੀਂ ਬਚ ਗਏ ਹੋ। ਇਸ ਤੇ ਕੋਈ ਮੌਕਾ ਨਾ ਗੁਆਓ। ਤੁਸੀਂ ਜੂਆ ਖੇਡ ਰਹੇ ਹੋ। ਔਹ, ਤੁਸੀਂ, ਅਸੀਂ ਅਮਰੀਕੀ ਲੋਕ, ਜੂਆ ਖੇਡਣਾ ਪਸੰਦ ਕਰਦੇ ਹੋ, ਪਰ ਤੁਸੀਂ ਇਸ ਤੇ ਜੂਆ ਨਾ ਖੇਡੋ। ਤੁਸੀਂ ਯਕੀਨੀ ਬਣਾਓ ਕਿ ਤੁਸੀਂ ਸਹੀ ਹੋ। ਇਸ ਲਈ ਨਹੀਂ ਕਿ ਤੁਸੀਂ ਕਲੀਸਿਯਾ ਵਿੱਚ ਸ਼ਾਮਲ ਹੋਏ, ਪਰ ਇਸ ਲਈ ਕਿ ਤੁਸੀਂ ਸੱਚਮੁੱਚ ਦੁਬਾਰਾ ਜਨਮ ਲਿਆ ਹੈ, ਮਸੀਹ ਤੁਹਾਡੇ ਕੋਲ, ਪਵਿੱਤਰ ਆਤਮਾ ਦੇ ਵਿਅਕਤੀ ਵਿੱਚ ਆਇਆ ਹੈ।

425 ਹੁਣ, ਬਸ ਇਸ ਦੇ ਨਾਲ, ਵੀ, ਜਦ ਮੈਂ ਬੰਦ ਕਰ ਰਿਹਾ ਹਾਂ। ਸਾਨੂੰ ਕਿੰਨੀ ਖੁਸ਼ੀ ਹੋਣੀ ਚਾਹੀਦੀ ਹੈ, ਉਹੀ ਆਤਮਾ ਦੇਖ ਕੇ ਜੋ ਯਿਸੂ ਮਸੀਹ ਵਿੱਚ ਸੀ, ਸਾਡੇ ਵਿਚਕਾਰ, ਉਹੀ ਕੰਮ ਕਰ ਰਿਹਾ ਹੈ ਜੋ ਉਸਨੇ ਉਦੋਂ ਕੀਤੇ ਸਨ ਜਦ ਉਹ ਧਰਤੀ ਤੇ ਸੀ! ਸਾਨੂੰ ਕਿੰਨੇ ਖੁਸ਼ ਹੋਣਾ ਚਾਹੀਦਾ ਹੈ!

ਆਓ ਹੁਣ ਪ੍ਰਾਰਥਨਾ ਕਰੀਏ, ਅਸੀਂ ਆਪਣਾ ਸਿਰ ਝੁਕਾਵਾਂਗੇ।

426 ਪ੍ਰਭੂ, ਇਹ ਬਹੁਤ ਵਧੀਆ ਦਿਨ ਰਿਹਾ ਹੈ। ਹਾਲਾਂਕਿ, ਮੈਨੂੰ ਹਮੇਸ਼ਾ ਵਾਂਗ ਲੱਗਦਾ ਹੈ ਕਿ, ਮੈਂ ਅਸਫਲ ਹੋ ਗਿਆ ਹਾਂ। ਮੈਂ ਇਸ ਨੂੰ ਸਹੀ ਤਰੀਕੇ ਨਾਲ ਪੇਸ਼ ਨਹੀਂ ਕਰ ਸਕਦਾ, ਪ੍ਰਭੂ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਮੈਨੂੰ ਮੇਰੇ ਮੂਰਖ ਤਰੀਕਿਆਂ ਲਈ ਮਾਫ਼ ਕਰ ਦਿਓਗੇ। ਔਹ, ਮੈਂ ਤੁਹਾਡੇ ਅੱਗੇ ਆਪਣੇ ਪਾਪਾਂ ਦਾ ਇਕਰਾਰ ਕਰਦਾ ਹਾਂ, ਅਤੇ ਦਯਾ ਦੀ ਮੰਗ ਕਰਦਾ ਹਾਂ, ਇਹ ਜਾਣਦੇ ਹੋਏ ਕਿ ਸਵਰਗ ਵਿੱਚ ਪਰਮੇਸ਼ੁਰ ਦੇ ਸੱਜੇ ਪਾਸੇ, ਇੱਕ ਮਹਾਨ ਪ੍ਰਧਾਨ ਜਾਜਕ ਖੜ੍ਹਾ ਹੈ, ਜੋ ਹਾਰੂਨ ਦੇ, ਕਾਨੂੰਨਾਂ, ਵਿਧੀਆਂ ਅਤੇ ਚੀਜ਼ਾਂ ਦੇ ਅਨੁਸਾਰ ਨਹੀਂ ਬਣਾਇਆ ਗਿਆ ਸੀ। ਪਰ ਪਰਮੇਸ਼ੁਰ ਦੀ ਕਿਰਪਾ ਦੇ ਕਾਰਨ ਉੱਥੇ ਬਿਠਾਇਆ ਗਿਆ ਸੀ ਜੋ ਅੱਗੇ ਵੇਖਦੀ ਸੀ, ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ, ਅਤੇ ਮੈਨੂੰ ਇੱਥੇ ਹੇਠਾਂ ਸੰਸਾਰ ਵਿੱਚ ਦੇਖਿਆ, ਅਤੇ ਮੇਰੇ ਪਾਪਾਂ ਲਈ ਮਰਿਆ, ਮੈਨੂੰ ਪਰਮੇਸ਼ੁਰ ਦੇ ਰਾਜ ਵਿੱਚ ਵਾਪਸ ਲਿਆਉਣ ਲਈ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ, ਪਿਤਾ, ਇਸ ਲਈ।

427 ਕਿਉਂਕਿ, ਇਹ ਆਤਮਾ ਜੋ ਹੁਣ ਤੁਹਾਡੇ ਲੋਕਾਂ ਵਿੱਚ ਰਾਜ ਕਰਦੀ ਹੈ ਸਦੀਪਕ ਹੈ ਜਿਵੇਂ ਪਰਮੇਸ਼ੁਰ ਸਦੀਪਕ ਹੈ। "ਮੈਂ ਉਹਨਾਂ ਨੂੰ ਸਦੀਪਕ ਜੀਵਨ, ਸਦੀਵੀ ਜੀਵਨ, ਹਮੇਸ਼ਾ ਰਹਿਣ ਵਾਲਾ ਜੀਵਨ ਦਿੰਦਾ ਹਾਂ, ਅਤੇ ਉਹ ਕਦੇ ਨਾਸ ਨਹੀਂ ਹੋਣਗੇ।" ਅਤੇ ਨਿਆਂ ਦੇ ਵੇਲੇ, ਉਹ ਉਥੇ ਕਦੇ ਨਹੀਂ ਹੋਣਗੇ। ਉਹ ਨਿਆਂ ਤੋਂ ਪਾਰ ਚਲੇ ਗਏ ਹਨ। ਉਹ ਮਹਿਮਾ ਵਿੱਚ ਚਲੇ ਗਏ ਹਨ। "ਅਤੇ ਜੇ ਇਹ ਧਰਤੀ ਦਾ ਤੰਬੂ ਜਿਹਾ ਘਰ ਢਹਿ ਵੀ ਜਾਵੇ, ਤਾਂ ਸਾਡੇ ਕੋਲ ਇੱਕ ਹੈ ਜੋ ਸਾਡੇ ਆਉਣ ਲਈ ਉਡੀਕ ਰਿਹਾ ਹੈ।" ਉਸ ਲਈ ਤੁਹਾਡਾ ਧੰਨਵਾਦ, ਪ੍ਰਭੂ।

428 ਮੈਂ ਹੁਣ ਪ੍ਰਾਰਥਨਾ ਕਰਦਾ ਹਾਂ, ਜੇ ਅੱਜ ਰਾਤ, ਇੱਥੇ ਕੋਈ ਹੋਵੇ, ਜਿਸ ਨੇ ਅਜੇ ਤੱਕ ਨੇਮ ਦਾ ਅਸਲ ਲਹੂ ਨਹੀਂ ਪੀਤਾ, ਜੋ ਨਹੀਂ ਜਾਣਦਾ ਕਿ ਇਸਦਾ ਕੀ ਅਰਥ ਹੈ, ਇਹ ਨਹੀਂ ਜਾਣਦਾ ਕਿ ਦੁਬਾਰਾ ਜਨਮ ਲੈਣ ਦਾ ਕੀ ਅਰਥ ਹੈ, ਮਸੀਹ ਦੇ ਨਾਲ ਉਹਨਾਂ ਦੇ ਦਿਲ ਵਿੱਚ, ਜਾਂ ਉਸਦੇ ਦਿਲ ਵਿੱਚ ਇੱਕ ਸੱਚੀ ਸੰਗਤ ਰੱਖਣਾ, ਉਹ ਉਸਨੂੰ ਹੁਣੇ ਪ੍ਰਾਪਤ ਕਰਨ, ਜਦ ਅਸੀਂ ਉਡੀਕ ਕਰਦੇ ਹਾਂ ਅਤੇ ਇਹ ਮੌਕਾ ਦਿੰਦੇ ਹਾਂ। ਅਤੇ ਉਸ ਦਿਨ, ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਅਸੀਂ ਸਹੀ ਰੋਸ਼ਨੀ ਵਿੱਚ ਇੰਜੀਲ ਦੀ ਨੁਮਾਇੰਦਗੀ ਕੀਤੀ ਹੈ। ਅਸੀਂ ਮਸੀਹ ਦੇ ਨਾਮ ਵਿੱਚ, ਪ੍ਰਾਰਥਨਾ ਕਰਦੇ ਹਾਂ।

429 ਜਦ ਸਾਡੇ ਸਿਰ ਝੁਕੇ ਹੋਏ ਹਨ, ਕੀ ਕੋਈ ਅਜਿਹਾ ਵਿਅਕਤੀ ਹੋਵੇਗਾ ਜੋ ਮਸੀਹ ਲਈ ਆਪਣਾ ਹੱਥ ਉਠਾਏਗਾ, ਅਤੇ ਕਹੇਗਾ, "ਪਰਮੇਸ਼ੁਰ ਦੇ ਮਸੀਹ, ਮੇਰੇ ਉੱਤੇ ਮਿਹਰਬਾਨ ਹੋਵੋ। ਮੈਨੂੰ, ਤੁਹਾਡੇ ਅਯੋਗ ਸੇਵਕ ਵਜੋਂ, ਹੁਣ ਮੇਰੇ

ਦਿਲ ਵਿੱਚ ਪਵਿੱਤਰ ਆਤਮਾ ਪ੍ਰਾਪਤ ਕਰਨ ਦਿਓ। ਅਤੇ ਮੈਨੂੰ ਉਹ ਭਰੋਸਾ ਅਤੇ ਪਿਆਰ ਦਿਓ ਜਿਸਦੀ ਮੈਨੂੰ ਅਸਲ ਵਿੱਚ ਲੋੜ ਹੈ"? ਜੇ ਤੁਹਾਡੇ ਕੋਲ ਇਹ ਨਹੀਂ ਹੈ, ਤਾਂ ਕੀ ਤੁਸੀਂ ਸਿਰਫ਼ ਇਹ ਕਹਿ ਕੇ, ਆਪਣੇ ਹੱਥ ਉਸ ਵੱਲ ਵਧਾਓਗੇ, "ਪ੍ਰਭੂ, ਇਹ ਇੱਕ ਨਿਸ਼ਾਨੀ ਹੈ ਕਿ ਮੈਂ ਇਸਨੂੰ ਚਾਹੁੰਦਾ ਹਾਂ"? ਕੀ ਤੁਸੀਂ ਆਪਣਾ ਹੱਥ ਉੱਪਰ ਚੁਕੋਗੇ? ਪਰਮੇਸ਼ੁਰ ਤੁਹਾਨੂੰ ਉੱਥੇ ਆਸ਼ੀਸ ਦੇਵੇ, ਬੀਬੀ। ਪਰਮੇਸ਼ੁਰ ਤੁਹਾਨੂੰ ਇੱਥੇ ਅਸੀਸ ਦੇਵੇ, ਸ਼੍ਰੀ ਮਾਨ। ਇੱਥੇ ਤੁਹਾਨੂੰ ਅਸੀਸ ਮਿਲੇ, ਸ਼੍ਰੀ ਮਾਨ। ਪਰਮੇਸ਼ੁਰ ਤੁਹਾਡੇ ਨਾਲ ਹੋਵੇ। ਇਹ ਠੀਕ ਹੈ। ਇਹ ਆਦਮੀ ਇੱਥੇ ਸਿਰੇ ਤੇ ਹੈ, ਮੇਰੇ ਭਾਈ, ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ। ਅਤੇ ਕੋਈ ਹੋਰ, ਇਸ ਤੋਂ ਪਹਿਲਾਂ ਅਸੀਂ ਬੰਦ ਕਰੀਏ, ਬਸ ਕੁਝ ਪਲਾਂ ਲਈ ਉਡੀਕ ਕਰਦੇ ਹਾਂ। ਪਰਮੇਸ਼ੁਰ ਤੁਹਾਨੂੰ ਉੱਥੇ ਆਸ਼ੀਸ ਦੇਵੇ, ਪੁੱਤਰ। ਕੋਈ ਹੋਰ?

430 "ਮੈਂ ਹੁਣ ਚਾਹੁੰਦਾ ਹਾਂ। ਮੈਂ ਚਾਹੁੰਦਾ ਹਾਂ, ਪ੍ਰਭੂ ਪਰਮੇਸ਼ੁਰ। ਤੁਸੀਂ ਮੇਰੇ ਦਿਲ ਨੂੰ ਜਾਣਦੇ ਹੋ। ਤੁਸੀਂ ਜਾਣਦੇ ਹੋ ਕਿ ਮੇਰੇ ਮਨ ਵਿੱਚ ਕੀ ਹੈ। ਤੁਸੀਂ, 'ਪਰਮੇਸ਼ੁਰ ਦਾ ਆਤਮਾ ਦੋ-ਧਾਰੀ ਤਲਵਾਰ ਨਾਲੋਂ ਤੇਜ਼ ਅਤੇ ਤਿੱਖਾ ਹੈ, ਇੱਥੋਂ ਤੱਕ ਕਿ ਬੰਦ ਬੰਦ ਅਤੇ ਗੁੱਦੇ ਨੂੰ ਵਿੰਨ੍ਹ ਸੁੱਟਦਾ ਹੈ, ਅਤੇ ਦਿਲ ਦੇ ਵਿਚਾਰਾਂ ਨੂੰ ਜਾਂਚ ਲੈਂਦਾ ਹੈ।'" ਉਸ ਬਾਰੇ ਸੋਚੋ। ਉਹ ਤੁਹਾਡੇ ਵਿਚਾਰਾਂ, ਤੁਹਾਡੇ ਇਰਾਦਿਆਂ ਨੂੰ ਜਾਣਦਾ ਹੈ।

431 ਕੀ ਤੁਸੀਂ ਆਪਣਾ ਹੱਥ ਉਠਾਓਗੇ? ਕਹੋ, "ਮੇਰੇ ਉੱਤੇ ਰਹਿਮ ਕਰੋ, ਪਰਮੇਸ਼ੁਰ, ਬਿਲਕੁੱਲ ਹੁਣੇ। ਮੈਂ—ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਜਾਣਦਾ ਹਾਂ ਕਿ ਮੈਂ ਗਲਤ ਹਾਂ, ਅਤੇ ਮੈਨੂੰ ਇਸ ਦਾ ਅਹਿਸਾਸ ਹੈ, ਪਰ ਮੈਂ ਸਹੀ ਹੋਣਾ ਚਾਹੁੰਦਾ ਹਾਂ।" ਠੀਕ ਹੈ, ਜਦ ਅਸੀਂ ਆਪਣੇ ਸਿਰ ਝੁਕਾਏ ਹੋਏ ਹਨ, ਹੁਣ ਪ੍ਰਾਰਥਨਾ ਕਰ ਰਹੇ ਹਾਂ, ਇੱਕ ਪਲ ਸੋਚੋ। ਅਸੀਂ ਇਸ ਬਾਰੇ ਜਲਦਬਾਜ਼ੀ ਨਹੀਂ ਕਰਨਾ ਚਾਹੁੰਦੇ।

ਯੁਗਾਂ ਦੀ ਚਟਾਨ, ਮੇਰੇ ਲਈ ਲੁਕਣ ਦੀ ਥਾਂ,
ਮੈਨੂੰ ਆਪਣੇ ਆਪ ਨੂੰ ਤੇਰੇ ਵਿੱਚ ਲੁਕਾ ਲੈਣ ਦੇ;
ਪਾਣੀ ਅਤੇ ਲਹੂ ਨੂੰ,
ਤੇਰੇ ਵਹਿਣ ਵਾਲੇ ਪਾਸੇ ਤੋਂ…
ਦੋਹਰੇ ਪਾਪ ਲਈ ਹੋ…(ਦੋਹਰੀ ਚੰਗਾਈ, ਉਸਨੇ ਇਸਦੀ
ਸਹੁੰ ਖਾਧੀ, ਦੋ ਅਟੱਲ ਚੀਜ਼ਾਂ।)
ਕ੍ਰੋਧ ਤੋਂ ਬਚਾ ਅਤੇ ਮੈਨੂੰ ਪਵਿੱਤਰ ਬਣਾ।

ਜਦੋਂ ਮੈਂ ਆਉਂਦਾ ਹਾਂ…

432 ਹੇ ਪ੍ਰਭੂ, ਹੁਣੇ ਹੀ ਪ੍ਰਦਾਨ ਕਰੋ ਕਿ ਅਸੀਂ ਸਾਰੇ ਇਹ ਜਾਣ ਲਈਏ ਕਿ ਇਹ ਸਾਹ ਜੋ ਅਸੀਂ ਖਿੱਚ ਰਹੇ ਹਾਂ ਥੋੜ੍ਹੇ ਸਮੇਂ ਲਈ ਹਨ। ਸਾਨੂੰ ਨਹੀਂ ਪਤਾ ਕਿ ਸਾਡੇ ਅੱਗੇ ਹੋਰ ਕਿੰਨੇ ਰਹਿੰਦੇ ਹਨ। ਇਹ ਸਭ ਤੁਹਾਡੀ ਮਹਾਨ ਸਿਆਣਪ ਦੇ ਦੁਆਰਾ ਹੈ। ਇਹ ਤੁਹਾਡੇ ਦੁਆਰਾ ਨਿਰਧਾਰਤ ਕੀਤਾ ਗਿਆ ਹੈ। ਔਹ, ਸਾਡੇ ਉੱਤੇ ਰਹਿਮ ਕਰੋ। ਅਤੇ ਜਿਨ੍ਹਾਂ ਨੇ ਆਪਣੇ ਹੱਥ ਖੜ੍ਹੇ ਕੀਤੇ ਹਨ, ਪ੍ਰਭੂ, ਉਨ੍ਹਾਂ ਦਾ ਜ਼ਿਕਰ ਕਰਨ ਦੀ ਕੋਈ ਲੋੜ ਨਹੀਂ ਹੈ। ਤੁਸੀਂ ਉਨ੍ਹਾਂ ਵਿੱਚੋਂ ਹਰ ਇੱਕ ਨੂੰ ਜਾਣਦੇ ਹੋ। ਪਰ ਮੈਂ ਉਹਨਾਂ ਦੀ ਸਫ਼ਾਰਸ਼ ਲਈ ਇਹ ਪ੍ਰਾਰਥਨਾ ਪੇਸ਼ ਕਰਦਾ ਹਾਂ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਉਨ੍ਹਾਂ ਦੇ ਦਿਲ ਤੋਂ ਦੋਸ਼ ਨੂੰ ਦੂਰ ਕਰੋਗੇ, ਅਤੇ ਉਨ੍ਹਾਂ ਨੂੰ ਦਲੇਰੀ ਨਾਲ, ਹੁਣੇ, ਸਿੰਘਾਸਣ ਤੱਕ ਆਉਣ ਦਿਓਗੇ; ਪਰਮੇਸ਼ੁਰ ਦੇ ਸਿੰਘਾਸਣ ਤੱਕ ਦਲੇਰੀ ਨਾਲ ਆਉਣ, ਉਹਨਾਂ ਲਈ ਪਰਮੇਸ਼ੁਰ-ਦੁਆਰਾ ਦਿੱਤੇ ਵਿਸ਼ੇਸ਼ ਅਧਿਕਾਰਾਂ ਦਾ ਦਾਅਵਾ ਕਰਨ ਲਈ। ਤੁਸੀਂ ਉਨ੍ਹਾਂ ਨੂੰ ਆਪਣੇ ਹੱਥ ਚੁੱਕਣ ਲਈ ਮਜਬੂਰ ਕੀਤਾ। ਉਹ ਇਹ ਆਪਣੇ ਆਪ ਨਹੀਂ ਕਰ ਸਕਦੇ ਸਨ। ਅਤੇ ਮੈਂ ਪ੍ਰਾਰਥਨਾ ਕਰਦਾ ਹਾਂ, ਪਰਮੇਸ਼ੁਰ, ਕਿ ਤੁਸੀਂ ਇਸਨੂੰ ਯਿਸੂ ਦੇ ਨਾਮ ਵਿੱਚ ਪ੍ਰਦਾਨ ਕਰੋਗੇ। ਆਮੀਨ।

> ...ਮੈਂ ਤੇਰੇ ਵਿੱਚ ਹਾਂ;

ਹੁਣ, ਹੁਣ ਬਸ ਉਸ ਦੀ ਅਰਾਧਨਾ ਕਰੋ।

> ਪਾਣੀ ਦਿਓ ਅਤੇ...(ਔਹ, ਮੇਰੇ!)
> ਤੇਰੇ ਜ਼ਖਮੀ ਪਾਸਿਓਂ ਜੋ ਵਹਿ ਗਿਆ
> ਪਾਪ ਦਾ ਦੋਹਰਾ ਇਲਾਜ ਹੋਣ ਲਈ,
> ਕ੍ਰੋਧ ਤੋਂ ਬਚਾ ਅਤੇ ਮੈਨੂੰ ਪਵਿੱਤਰ ਬਣਾ।

433 ਹੁਣ ਕਿੰਨੇ ਚੰਗੇ ਮਹਿਸੂਸ ਕਰਦੇ ਹਨ? ਆਪਣਾ ਹੱਥ ਉਠਾਓ, ਕਹੋ, "ਪ੍ਰਭੂ ਦੀ ਮਹਿਮਾ ਹੋਵੇ!" [ਕਲੀਸਿਯਾ ਕਹਿੰਦੀ ਹੈ, "ਪ੍ਰਭੂ ਦੀ ਮਹਿਮਾ ਹੋਵੇ!"—ਸੰਪਾ.] ਔਹ, ਉਹ ਸ਼ਾਨਦਾਰ ਹੈ! ਔਹ!

*ਝਰਨੇ ਕੋਲ ਇੱਕ ਥਾਂ ਹੈ।* ਕੀ ਤੁਸੀਂ ਇਸ ਨੂੰ ਜਾਣਦੇ ਹੋ, ਭੈਣ ਗਰਟੀ? ਚਲੋ। ਕਿੰਨੇ ਲੋਕ ਉਸ ਗੀਤ ਨੂੰ ਪਸੰਦ ਕਰਦੇ ਹਨ? ਹੁਣ ਅਸੀਂ ਇੱਕ ਬਪਤਿਸਮੇ ਦੀ ਸੇਵਾ ਕਰਨ ਜਾ ਰਹੇ ਹਾਂ, ਬਸ ਇੱਕ ਪਲ ਵਿੱਚ। (ਤੁਸੀਂ ਉਨ੍ਹਾਂ ਨੂੰ ਬਪਤਿਸਮਾ ਦੇਣ ਜਾ ਰਹੇ ਹੋ?) ਠੀਕ ਹੈ।

> ...ਜਗ੍ਹਾ, ਹਾਂ, ਜਗ੍ਹਾ ਹੈ,
> ਤੁਹਾਡੇ ਲਈ ਝਰਨੇ ਕੋਲ ਇੱਕ ਜਗ੍ਹਾ ਹੈ;
> ਜਗ੍ਹਾ, ਜਗ੍ਹਾ...

434 ਠੀਕ ਹੈ। ਬਪਤਿਸਮਾ ਲੈਣ ਵਾਲੇ ਉਮੀਦਵਾਰ, *ਮਰਦ* ਇਸ ਕਮਰੇ ਵਿੱਚ ਜਾਣਗੇ, *ਔਰਤਾਂ* ਇਸ ਕਮਰੇ ਵਿੱਚ, ਠੀਕ ਹੈ, ਜਿਹੜੇ ਸਾਡੇ ਪ੍ਰਭੂ ਦੇ ਮੁਬਾਰਕ ਨਾਮ ਵਿੱਚ ਬਪਤਿਸਮਾ ਲੈਣ ਵਾਲੇ ਹਨ।

> ...ਤੁਹਾਡੇ ਲਈ ਚੰਗਾ ਹੈ,
> ਤੁਹਾਡੇ ਲਈ ਝਰਨੇ ਕੋਲ ਜਗ੍ਹਾ ਹੈ;
> ਪਰਮੇਸ਼ੁਰ ਮੇਰੇ ਨਾਲ ਬਹੁਤ ਚੰਗਾ ਰਿਹਾ ਹੈ,
> ਤੁਹਾਡੇ ਲਈ ਝਰਨੇ ਕੋਲ ਜਗ੍ਹਾ ਹੈ।

435 ਹੁਣ ਹਰ ਕੋਈ:

> ਕਮਰਾ, ਕਮਰਾ, ਹਾਂ, ਜਗ੍ਹਾ ਹੈ,
> ਤੁਹਾਡੇ ਲਈ ਝਰਨੇ ਕੋਲ ਇੱਕ ਜਗ੍ਹਾ ਹੈ;
> ਔਹ, ਜਗ੍ਹਾ, ਜਗ੍ਹਾ, ਹਾਂ, ਉੱਥੇ ਜਗ੍ਹਾ ਹੈ,
> ਤੁਹਾਡੇ ਲਈ ਝਰਨੇ ਕੋਲ ਜਗ੍ਹਾ ਹੈ।

436 ਔਹ, ਮੈਨੂੰ ਉਹ ਪੁਰਾਣਾ ਗੀਤ ਪਸੰਦ ਹੈ। ਕੀ ਤੁਹਾਨੂੰ ਨਹੀਂ ਹੈ?

> ਤੁਹਾਡੇ ਲਈ ਝਰਨੇ ਕੋਲ ਜਗ੍ਹਾ ਹੈ;
> ਔਹ, ਜਗ੍ਹਾ, ਜਗ੍ਹਾ, ਇੱਥੇ ਬਹੁਤ ਸਾਰੀ ਜਗ੍ਹਾ ਹੈ,
> ਝਰਨੇ ਦੇ ਕੋਲ ਜਗ੍ਹਾ ਹੈ।

437 ਹੁਣ, ਜਦੋਂ ਬਜ਼ੁਰਗ ਬਪਤਿਸਮੇ ਦੇਣ ਲਈ ਤਿਆਰ ਹੋਣ ਲਈ ਅੰਦਰ ਚਲੇ ਗਏ ਹਨ, ਮੈਂ ਹਾਜ਼ਰੀਨ ਨੂੰ ਸਮਝਾਉਣਾ ਚਾਹਾਂਗਾ। ਅਤੇ ਮੈਂ ਕੁਝ ਡੀਕਨਾਂ ਨੂੰ ਪੁੱਛਾਂਗਾ, ਕੀ ਉਹ ਮੈਨੂੰ ਕਮਰੇ ਵਿੱਚ ਸੁਣ ਸਕਦੇ ਹਨ, ਜਦੋਂ ਉਹ ਤਿਆਰ ਹੋਣ, ਆਓਣ ਅਤੇ—ਅਤੇ ਮੈਨੂੰ ਦੱਸਣ, ਅਤੇ ਇਸ ਲਈ ਅਸੀਂ ਮਾਈਕ੍ਰੋਫੋਨਾਂ ਨੂੰ ਹਟਾ ਦਈਏ। ਅਸੀਂ ਚਾਹੁੰਦੇ ਹਾਂ ਕਿ ਤੁਸੀਂ ਸਾਰੇ ਇਸ ਨੂੰ ਦੇਖੋ। ਲਗਭਗ ਦਸ ਮਿੰਟ ਹੋਰ, ਅਤੇ ਕਲੀਸਿਯਾ ਨੂੰ ਖਾਰਜ ਕਰ ਦਿੱਤਾ ਜਾਵੇਗਾ।

438 ਹੁਣ ਮੈਂ ਤੁਹਾਡੇ ਲਈ ਕੁਝ ਪਵਿੱਤਰ ਲਿਖਤਾਂ ਪੜ੍ਹਨਾ ਚਾਹੁੰਦਾ ਹਾਂ। ਮੈਂ ਉਹਨਾਂ ਨੂੰ ਰਸੂਲਾਂ ਦੇ ਕਰਤੱਬ ਵਿੱਚੋਂ ਪੜ੍ਹਨਾ ਚਾਹੁੰਦਾ ਹਾਂ। ਅਤੇ ਮੈਂ ਰਸੂਲਾਂ ਦੇ ਕਰਤੱਬ ਦੇ ਦੂਜੇ ਅਧਿਆਇ ਦੀ 12ਵੀਂ ਆਇਤ ਤੋਂ ਸ਼ੁਰੂ ਕਰਨਾ ਚਾਹੁੰਦਾ ਹਾਂ।

439 ਹੁਣ, ਮੈਂ ਚਾਹੁੰਦਾ ਹਾਂ ਕਿ ਤੁਸੀਂ ਸੰਤ ਲੂਕਾ ਦੇ 16ਵੇਂ ਅਧਿਆਇ ਵਿੱਚ ਧਿਆਨ ਦਿਓ, ਜਾਂ ਸੰਤ ਮਤੀ ਵਿੱਚ, ਮੇਰਾ ਮੰਨਣਾ ਹੈ, ਕਿ ਯਿਸੂ ਪਹਾੜ ਤੋਂ ਆ ਰਿਹਾ ਸੀ। ਉਹ...ਆਪਣੇ ਚੇਲਿਆਂ ਨੂੰ ਕਿਹਾ, "ਮਨੁੱਖ ਕੀ ਕਹਿੰਦੇ ਹਨ ਕਿ ਮੈਂ ਮਨੁੱਖ ਦਾ ਪੁੱਤਰ ਕੌਣ ਹਾਂ?"

440 "ਅਤੇ ਉਨ੍ਹਾਂ ਵਿੱਚੋਂ ਕਈਆਂ ਨੇ ਕਿਹਾ, ਕਿਉਂ, ਤੁਸੀਂ 'ਏਲੀਆ' ਹੋ। ਅਤੇ ਕੁਝ ਕਹਿੰਦੇ ਹਨ ਕਿ ਤੁਸੀਂ—ਤੁਸੀਂ 'ਨਬੀ' ਹੋ। ਅਤੇ ਕੁਝ ਕਹਿੰਦੇ ਹਨ ਕਿ ਤੁਸੀਂ *ਇਹ* ਜਾਂ ਕੋਈ ਹੋਰ ਹੋ।"

441 ਉਸ ਨੇ ਕਿਹਾ, "ਪਰ ਤੁਸੀਂ ਕੀ ਕਹਿੰਦੇ ਹੋ ਕਿ ਮੈਂ ਕੌਣ ਹਾਂ?"

442 ਅਤੇ ਪਤਰਸ ਨੇ ਕਿਹਾ, "ਤੁਸੀਂ ਮਸੀਹ ਹੋ, ਜਿਉਂਦੇ ਪਰਮੇਸ਼ੁਰ ਦੇ ਪੁੱਤਰ ਹੋ।" ਇਹ ਸਹੀ ਹੈ?

443 ਯਿਸੂ ਨੇ ਕਿਹਾ, "ਸ਼ਮਉਣ ਬਰ ਜੋਣਾਹ, ਤੂੰ ਧੰਨ ਹੈਂ, ਕਿਉਂਕਿ ਮਾਸ ਅਤੇ ਲਹੂ ਨੇ ਇਹ ਪ੍ਰਗਟ ਨਹੀਂ ਕੀਤਾ। ਤੁਸੀਂ ਕਦੇ ਵੀ ਕਿਸੇ ਸੈਮੀਨਰੀ ਵਿੱਚ ਨਹੀਂ ਸਿੱਖਿਆ। ਤੁਸੀਂ ਇਸਨੂੰ ਮਨੁੱਖ ਦੁਆਰਾ ਕਦੇ ਨਹੀਂ ਸਿੱਖਿਆ।" ਕਿਹਾ, "ਮੇਰੇ ਪਿਤਾ ਨੇ ਜਿਹੜਾ ਸਵਰਗ ਵਿੱਚ ਹੈ ਇਹ ਗੱਲ ਤੇਰੇ ਉੱਤੇ ਪਰਗਟ ਕੀਤੀ। ਮੈਂ ਵੀ ਤੈਨੂੰ ਆਖਦਾ ਹਾਂ ਜੋ ਤੂੰ ਪਤਰਸ ਹੈਂ। ਮੈਂ ਇਸ ਪੱਥਰ ਉੱਤੇ ਆਪਣੀ ਕਲੀਸਿਯਾ ਬਣਾਵਾਂਗਾ। ਪਤਾਲ ਦੇ ਫਾਟਕਾਂ ਦਾ ਉਹ ਦੇ ਉੱਤੇ ਕੁਝ ਵੱਸ ਨਾ ਚੱਲੇਗਾ। ਅਤੇ ਮੈਂ ਸਵਰਗ ਦੇ ਰਾਜ ਦੀਆਂ ਕੁੰਜੀਆਂ ਤੈਨੂੰ ਦਿਆਂਗਾ।" ਕੀ ਇਹ ਸਹੀ ਹੈ? "ਅਤੇ ਜੋ ਕੁਝ ਤੂੰ ਧਰਤੀ ਉੱਤੇ ਬੰਨ੍ਹੇਂਗਾ, ਸੁਰਗ ਵਿੱਚ ਬੰਨ੍ਹਿਆ ਜਾਵੇਗਾ। ਅਤੇ ਜੋ ਕੁਝ ਤੂੰ ਧਰਤੀ ਉੱਤੇ ਖੋਲ੍ਹੇਂਗਾ, ਸੁਰਗ ਵਿੱਚ ਖੋਲ੍ਹਿਆ ਜਾਵੇਗਾ।" ਕੀ ਉਸਦਾ ਇਹੀ ਮਤਲਬ ਸੀ? ਨਹੀਂ ਤਾਂ ਉਸਨੇ ਇਹ ਨਹੀਂ ਕਿਹਾ ਹੁੰਦਾ। ਹੁਣ, ਜਿਵੇਂ ਸਮਾਂ ਬੀਤਦਾ ਗਿਆ, ਹੁਣ, ਪਤਰਸ ਕੋਲ ਰਾਜ ਦੀਆਂ ਕੁੰਜੀਆਂ ਸਨ।

444 ਹੁਣ, ਤੁਸੀਂ ਕੈਥੋਲਿਕ ਲੋਕੋ, ਤੁਸੀਂ ਇਹ ਸੋਚ ਸਕਦੇ ਹੋ, ਜੋ ਤੁਸੀਂ ਕਹਿੰਦੇ ਹੋ, "ਕੈਥੋਲਿਕ ਕਲੀਸਿਯਾ ਪਤਰਸ ਉੱਤੇ ਬਣਾਈ ਗਈ ਹੈ।" ਠੀਕ ਹੈ, ਅਸੀਂ ਪਤਾ ਲਗਾ ਲਗਾਵਾਂਗੇ। "ਉਨ੍ਹਾਂ ਕੋਲ ਕੁੰਜੀਆਂ ਸਨ। ਕੈਥੋਲਿਕ ਕਲੀਸਿਯਾ ਕੋਲ ਅਜੇ ਵੀ ਕੁੰਜੀਆਂ ਹਨ।"

445 ਆਓ ਜਾਣਦੇ ਹਾਂ ਕਿ *ਪਤਰਸ* ਨੇ ਕੁੰਜੀਆਂ ਦਾ ਕੀ ਕੀਤਾ, ਦੇਖੋ, ਫਿਰ ਅਸੀਂ ਪਤਾ ਲਗਾਵਾਂਗੇ। ਬਾਈਬਲ ਨੇ, ਪਤਰਸ ਅਤੇ ਬਾਕੀ ਰਸੂਲਾਂ ਨੂੰ ਕਿਹਾ, "ਤੁਸੀਂ ਸਾਰੇ ਜਗਤ ਵਿੱਚ ਜਾਓ। ਜਿਨ੍ਹਾਂ ਦੇ ਪਾਪ ਤੁਸੀਂ ਮਾਫ਼ ਕਰੋ, ਓਹ ਉਨ੍ਹਾਂ ਨੂੰ ਮਾਫ਼ ਕੀਤੇ ਜਾਣਗੇ। ਜਿਨ੍ਹਾਂ ਦੇ ਤੁਸੀਂ ਕਾਇਮ ਰੱਖੋ, ਉਨ੍ਹਾਂ ਦੇ ਕਾਇਮ ਰੱਖੇ ਜਾਣਗੇ।" ਕਿ, ਮੈਂ ਇਸ ਨੂੰ ਇਸ ਤਰ੍ਹਾਂ ਕਹਿ ਸਕਦਾ ਹਾਂ...ਤਾਂ ਜੋ ਕੋਈ ਸਮਝ ਨਾ ਸਕੇ ਕਿ ਮੇਰਾ ਕੀ ਮਤਲਬ ਹੈ। ਯਿਸੂ ਨੇ ਰਸੂਲਾਂ ਨੂੰ ਕਿਹਾ, "ਜਿਨ੍ਹਾਂ ਦੇ ਪਾਪ ਤੁਸੀਂ ਮਾਫ਼ ਕਰਦੇ ਹੋ, ਮੈਂ ਵੀ ਉਨ੍ਹਾਂ ਨੂੰ ਮਾਫ਼ ਕਰ ਦਿਆਂਗਾ। ਅਤੇ ਜਿਸ ਕਿਸੇ ਦੇ ਵੀ ਪਾਪ ਤੁਸੀਂ ਮਾਫ਼ ਨਹੀਂ ਕਰਦੇ, ਅਤੇ ਉਹਨਾਂ ਦੇ ਵਿਰੁੱਧ ਕਾਇਮ

ਰੱਖਦੇ ਹੋ, ਮੈਂ ਵੀ ਇਸ ਨੂੰ ਉਨ੍ਹਾਂ ਦੇ ਵਿਰੁੱਧ ਕਾਇਮ ਰੱਖਾਂਗਾ।" ਇਹੀ ਹੈ ਜੋ ਯਿਸੂ ਨੇ ਕਿਹਾ ਸੀ।

446 ਕੈਥੋਲਿਕ ਕਲੀਸਿਯਾ ਨੂੰ ਉਸ ਪਾਸੇ ਜੋਰ ਲਾਉਂਦੇ ਹੋਏ ਦੇਖੋ।

447 ਪਰ ਆਓ ਜਾਣਦੇ ਹਾਂ ਕਿ ਉਨ੍ਹਾਂ ਨੇ ਇਹ ਕਿਵੇਂ ਕੀਤਾ। ਫਿਰ ਜੇ ਸਾਨੂੰ ਪਤਾ ਲੱਗੇ ਕਿ ਉਨ੍ਹਾਂ ਨੇ ਇਹ ਕਿਵੇਂ ਕੀਤਾ, ਤਾਂ ਸਾਨੂੰ ਉਸੇ ਤਰ੍ਹਾਂ ਕਰਨਾ ਚਾਹੀਦਾ ਹੈ। ਆਓ ਹੁਣ ਪਤਾ ਕਰੀਏ।

448 ਇਹ ਪੰਤੇਕੁਸਤ ਦਾ ਦਿਨ ਹੈ। ਕਲੀਸਿਯਾ ਦਾ ਉਦਘਾਟਨ ਕੀਤਾ ਜਾ ਰਿਹਾ ਹੈ। ਉਹ ਸਾਰੇ ਇੱਕ ਚੁਬਾਰੇ ਵਿੱਚ ਸਨ। ਆਦਮੀ ਵੱਖੋ-ਵੱਖਰੀਆਂ ਭਾਸ਼ਾਵਾਂ ਵਿੱਚ ਬੋਲਦੇ ਹੋਏ, ਉਥੋਂ ਬਾਹਰ ਨਿਕਲੇ। ਕਿਉਂ? ਅਕਾਸ਼ ਦੇ ਹੇਠ ਹਰੇਕ ਭਾਸ਼ਾ ਦੀ ਉੱਥੇ ਨੁਮਾਇੰਦਗੀ ਕੀਤੀ ਗਈ ਸੀ। ਅੰਗਰੇਜ਼ੀ ਵੀ, ਉਥੇ ਸੀ। ਅਕਾਸ਼ ਦੇ ਹੇਠਾਂ ਹਰ ਭਾਸ਼ਾ ਉੱਥੇ ਹੋਣੀ ਚਾਹੀਦੀ ਸੀ, ਉਨ੍ਹਾਂ ਦਿਨਾਂ ਵਿੱਚ ਜਿਹੜੀ ਵੀ ਭਾਸ਼ਾ ਬੋਲੀ ਜਾਂਦੀ ਸੀ। ਇੱਥੇ ਅੱਗੇ ਵਧਦਾ ਹੈ ਅਤੇ ਬਹੁਤ ਸਾਰੀਆਂ ਭਾਸ਼ਾਵਾਂ ਦਿੰਦਾ ਹੈ, ਅਤੇ ਕਿਵੇਂ ਕਰੇਤੀ ਅਤੇ ਅਜਨਬੀ, ਅਤੇ ਰੋਮੀ ਮੁਸਾਫ਼ਰ, ਅਤੇ—ਅਤੇ—ਅਤੇ ਅਰਬੀ, ਅਤੇ ਸਾਰੇ ਬੋਲਦੇ ਹਨ ਅਤੇ ਵਡਿਆ-...ਹੁਣ, ਉਹ ਅਣਜਾਣ ਭਾਸ਼ਾਵਾਂ ਵਿੱਚ ਨਹੀਂ ਬੋਲ ਰਹੇ ਸਨ। ਉਹ ਜਾਣੀਆਂ-ਪਛਾਣੀਆਂ ਭਾਸ਼ਾਵਾਂ ਵਿੱਚ, ਲੋਕਾਂ ਨਾਲ ਗੱਲ ਕਰ ਰਹੇ ਸਨ। ਅਣਜਾਣ ਭਾਸ਼ਾਵਾਂ ਨਹੀਂ, ਪਰ ਭਾਸ਼ਾਵਾਂ ਜੋ ਹਰ ਇੱਕ ਸਮਝਦਾ ਹੈ। ਪਾਪੀ, ਅਵਿਸ਼ਵਾਸੀ, ਸੁਣ ਸਕਦਾ ਸੀ ਕਿ ਉਹ ਕੀ ਕਹਿ ਰਿਹਾ ਸੀ। "ਅਸੀਂ ਆਪਣੀ ਭਾਸ਼ਾ ਵਿੱਚ ਕਿਵੇਂ ਸੁਣਦੇ ਹਾਂ ਜਿਸ—ਜਿਸ ਵਿੱਚ ਅਸੀਂ ਪੈਦਾ ਹੋਏ ਹਾਂ?"

449 ਹੁਣ ਦੇਖੋ। ਹੁਣ ਸਵਾਲ ਆਉਂਦਾ ਹੈ। ਹੁਣ, "ਹੋਰਾਂ ਨੇ ਮਜ਼ਾਕ ਉਡਾਇਆ।" 12ਵੀਂ ਆਇਤ, ਠੀਕ ਹੈ।

> *ਸੱਭੋ ਅਚਰਜ ਰਹਿ ਗਏ, ਅਤੇ...ਦੁਬਧਾ ਵਿੱਚ ਪੈ ਕੇ ਇੱਕ ਦੂਏ ਨੂੰ ਆਖਣ ਲੱਗੇ, ਕਿ ਇਹ ਕੀ ਹੋਇਆ ਚਾਹੁੰਦਾ ਹੈ?*
>
> *ਹੋਰਨਾਂ ਮਖੌਲ ਨਾਲ ਕਿਹਾ,* ਇਹ...*ਇਹ ਨਵੀਂ ਸ਼ਰਾਬ ਦੇ ਨਸ਼ੇ ਵਿੱਚ ਹਨ।*

450 ਉਨ੍ਹਾਂ ਦਾ ਮਜ਼ਾਕ ਉਡਾ ਰਹੇ ਸਨ। ਕਿਉਂਕਿ, ਉਹ ਕੀ ਕਰ ਰਹੇ ਸਨ? ਉਹ ਸ਼ਰਾਬੀ ਬੰਦਿਆਂ ਵਾਂਗ, ਡਗਮਗਾ ਰਹੇ ਸਨ। ਗੱਲ ਕਰਦੇ ਹੋਏ, ਇਹ ਨਹੀਂ ਜਾਣਦੇ ਕਿ ਉਹ ਕੀ ਕਹਿ ਰਹੇ ਸਨ, ਪਰ ਮੰਡਲੀ ਨੂੰ ਉਨ੍ਹਾਂ ਭਾਸ਼ਾਵਾਂ ਵਿੱਚ ਪ੍ਰਚਾਰ ਕਰ ਰਹੇ ਸਨ ਜੋ ਉਹ ਆਪ ਨਹੀਂ ਜਾਣਦੇ ਸਨ, ਪਰ ਮੰਡਲੀ ਨੂੰ ਪਤਾ ਸੀ। ਸਮਝੇ? ਠੀਕ ਹੈ।

*ਹੋਰਨਾਂ…ਕਿਹਾ, ਇਹ ਨਵੀਂ ਸ਼ਰਾਬ ਦੇ ਨਸ਼ੇ ਵਿੱਚ ਹਨ, ਵੇਖੋ ਉਹ ਕਿਵੇਂ ਹਰਕਤ ਕਰ ਰਹੇ ਹਨ।*

*ਹੋਰਨਾਂ ਨੇ, ਮਖੌਲ ਕਰਦਿਆਂ ਕਿਹਾ, ਇਹ…ਨਾਲ ਭਰੇ ਹੋਏ ਹਨ…*

"ਪਰ ਪਤਰਸ…" ਧਿਆਨ ਰੱਖੋ, ਲੜਕੇ! ਤੇਰੇ ਕੋਲ ਕੁੰਜੀਆਂ ਹਨ।

*ਤਦ ਪਤਰਸ, ਉਨ੍ਹਾਂ ਗਿਆਂਰਾ ਦੇ ਨਾਲ ਖੜੋ ਕੇ, ਉੱਚੀ ਅਵਾਜ਼ ਨਾਲ, ਆਖਣ ਲੱਗਾ,…*

ਹੁਣ, ਯਾਦ ਰੱਖੋ, ਇਹ ਕਲੀਸਿਯਾ ਦਾ ਪਹਿਲਾ ਉਦਘਾਟਨ ਸੀ।

*…ਹੇ ਯਹੂਦੀਓ, ਅਤੇ…ਯਰੂਸ਼ਲਮ ਦੇ ਸਭ ਰਹਿਣ ਵਾਲਿਓ, ਇਹ ਜਾਣੋ, ਅਤੇ ਕੰਨ ਲਾ ਕੇ ਮੇਰੀਆਂ ਗੱਲਾਂ ਸੁਣੋ:*

*ਕਿ ਏਹ ਜਿਵੇਂ ਤੁਸੀਂ ਸਮਝਦੇ ਹੋ, ਨਸ਼ੇ ਵਿੱਚ ਨਹੀਂ ਹਨ, ਕਿਉਂ ਜੋ ਅਜੇ ਪਹਿਰ ਦਿਨ ਚੜ੍ਹਿਆ ਹੈ।*

ਉਸ ਸਮੇਂ ਠੇਕੇ ਵੀ ਨਹੀਂ ਖੁੱਲ੍ਹੇ ਸਨ। ਸਮਝੇ?

*ਪਰ ਏਹ ਉਹ ਗੱਲ ਹੈ ਜੋ ਯੋਏਲ ਨਬੀ ਦੀ ਜਬਾਨੀ ਕਹੀ ਗਈ ਸੀ;*

*…ਪਰਮੇਸ਼ੁਰ ਆਖਦਾ ਹੈ ਕਿ, ਅੰਤ ਦੇ ਦਿਨਾਂ ਵਿੱਚ ਐਉਂ ਹੋਵੇਗਾ, ਜੋ ਮੈਂ ਆਪਣੇ ਆਤਮਾ ਵਿੱਚੋਂ ਸਾਰੇ ਸਰੀਰਾਂ ਉੱਤੇ ਵਹਾ ਦਿਆਂਗਾ: ਅਤੇ ਤੁਹਾਡੇ ਪੁੱਤ੍ਰ ਅਰ ਤੁਹਾਡੀਆਂ…ਧੀਆਂ ਅਗੰਮ ਵਾਕ ਕਰਨਗੇ, ਅਤੇ ਤੁਹਾਡੇ ਜੁਆਨ ਦਰਸ਼ਣ ਵੇਖਣਗੇ, ਅਤੇ ਤੁਹਾਡੇ ਬੁੱਢੇ ਸੁਫ਼ਨੇ ਵੇਖਣਗੇ:*

*ਮੈਂ ਆਪਣੇ ਦਾਸਾਂ ਅਤੇ…ਆਪਣੀਆਂ ਦਾਸੀਆਂ ਉੱਤੇ ਉਨ੍ਹੀਂ ਦਿਨੀਂ ਆਪਣੇ ਆਤਮਾ ਵਿੱਚੋਂ ਵਹਾ ਦਿਆਂਗਾ;…ਓਹ ਅੰਗਮ ਵਾਕ ਕਰਨਗੇ।*

*ਅਤੇ ਮੈਂ ਉਤਾਹਾਂ ਅਕਾਸ਼ ਵਿੱਚ ਅਚੰਭੇ, ਅਰ ਹਿਠਾਹਾਂ ਧਰਤੀ ਉੱਤੇ ਨਿਸ਼ਾਨ, ਲਹੂ ਤੇ ਅਗਨ ਤੇ ਧੂੰਏ ਦੇ ਬੱਦਲ ਵਿਖਾਵਾਂਗਾ;…*

ਹੁਣ, ਇਹ ਹੁਣ ਪਤਰਸ ਪ੍ਰਚਾਰ ਕਰ ਰਿਹਾ ਹੈ, ਜਿਸ ਕੋਲ ਕੁੰਜੀਆਂ ਸਨ।

*…ਲਹੂ,…ਅਗਨ,…ਧੂੰਏ ਦੇ ਬੱਦਲ ਵਿਖਾਵਾਂਗਾ:*

*ਸੂਰਜ ਅਨ੍ਹੇਰੇ ਵਿੱਚ ਬਦਲ ਜਾਵੇਗਾ,…ਅਰ ਚੰਦ ਲਹੂ ਹੋ ਜਾਵੇਗਾ, ਪ੍ਰਭੁ ਦੇ ਵੱਡੇ ਤੇ ਪਰਸਿੱਧ ਦਿਨ ਦੇ ਆਉਣ ਤੋਂ ਪਹਿਲਾਂ:*

*ਅਤੇ ਐਉਂ ਹੋਵੇਗਾ, ਕਿ ਹਰੇਕ ਜਿਹੜਾ ਪ੍ਰਭੂ ਦਾ ਨਾਮ ਲਵੇਗਾ ਬਚਾਇਆ ਜਾਵੇਗਾ।*

*ਹੇ ਇਸਰਾਏਲੀਓ ਏਹ ਗੱਲਾਂ ਸੁਣੋ ਕਿ ਯਿਸੂ ਨਾਸਰਤ ਇੱਕ ਮਨੁੱਖ ਸੀ, ਜਿਹ ਦੇ ਸਤ ਹੋਣ ਦਾ ਪ੍ਰਮਾਣ ਪਰਮੇਸ਼ੁਰ ਦੀ ਵੱਲੋਂ ਉਨ੍ਹਾਂ ਕਰਾਮਾਤਾਂ ਅਤੇ ਅਚੰਭਿਆਂ ਅਤੇ ਨਿਸ਼ਾਨੀਆਂ ਨਾਲ ਤੁਹਾਨੂੰ ਦਿੱਤਾ ਗਿਆ, ਜੋ ਉਸ ਨੇ...ਪਰਮੇਸ਼ੁਰ ਨੇ ਉਸ ਦੇ ਹੱਥੀਂ ਤੁਹਾਡੇ ਵਿੱਚ ਵਿਖਾਲੀਆਂ,...ਜਿਹਾ ਤੁਸੀਂ ਆਪ...ਜਾਣਦੇ ਹੋ:*

ਇੱਕ ਤਾੜਨਾ ਬਾਰੇ ਗੱਲ ਕਰਦੇ ਹੋ? ਉਸ ਕੋਲ ਕੁੰਜੀਆਂ ਸਨ, ਤੁਸੀਂ ਜਾਣਦੇ ਹੋ। ਬਣੋ...

*ਉਸੇ ਨੂੰ, ਜਦ ਪਰਮੇਸ਼ੁਰ ਦੀ ਠਹਿਰਾਈ ਹੋਈ ਮਤ ਅਤੇ ਅਗੰਮ ਗਿਆਨ ਦੇ ਅਨੁਸਾਰ ਹਵਾਲੇ ਕੀਤਾ ਗਿਆ,...*

ਉਥੇ ਤੁਸੀਂ ਹੋ। ਉਹ ਕਿਵੇਂ ਹਵਾਲੇ ਕੀਤਾ ਜਾ ਸਕਦਾ ਸੀ? ਕਿਉਂਕਿ ਪਰਮੇਸ਼ੁਰ ਨੇ ਇਸ ਨੂੰ ਇਸ ਤਰ੍ਹਾਂ ਹੋਣ ਲਈ ਪਹਿਲਾਂ ਤੋਂ ਹੀ ਨਿਰਧਾਰਤ ਕੀਤਾ ਸੀ। ਦੇਖੋ? ਪਰਮੇਸ਼ੁਰ ਦਾ ਪੂਰਬ ਗਿਆਨ!

451 [ਇੱਕ ਭਾਈ ਕਹਿੰਦਾ ਹੈ, "ਤਿਆਰ ਹੈ?"—*ਸੰਪਾ.*] ਬਸ ਇੱਕ ਪਲ ਵਿੱਚ। ਉਨ੍ਹਾਂ ਨੂੰ ਦੱਸੋ, ਬੱਸ ਇੱਕ ਮਿੰਟ ਰੁਕੋ, ਜਦੋਂ ਤੱਕ ਮੈਂ ਪੂਰੀਆਂ ਲਿਖਤਾਂ ਨਹੀਂ ਪੜ੍ਹ ਲੈਂਦਾ।

*...ਤੁਸਾਂ ਬੁਰਿਆਰਾਂ ਦੇ ਹੱਥੀਂ, ਸਲੀਬ ਦੇ ਕੇ, ਮਰਵਾ ਦਿੱਤਾ:*

*ਉਸੇ ਨੂੰ ਪਰਮੇਸ਼ੁਰ ਨੇ, ਮੌਤ ਦੇ ਬੰਧਨ ਖੋਲ੍ਹ ਕੇ, ਜਿਵਾਲਿਆ: ਕਿਉਂ ਜੋ ਇਹ ਅਣਹੋਣਾ ਸੀ...ਕਿ ਉਹ ਉਸ ਦੇ ਵੱਸ ਵਿੱਚ ਰਹੇ।*

*ਇਸ ਲਈ ਜੋ ਦਾਊਦ ਉਹ ਦੇ ਵਿਖੇ ਆਖਦਾ ਹੈ, ਮੈਂ ਪ੍ਰਭੂ ਨੂੰ ਆਪਣੇ ਸਨਮੁਖ ਸਦਾ ਵੇਖਿਆ,...ਉਹ ਮੇਰੇ ਸੱਜੇ ਪਾਸੇ ਜੋ ਹੈ, ਅਤੇ ਇਸ ਲਈ ਮੈਂ ਨਾ ਡੋਲਾਂਗਾ।*

*ਇਸ ਕਾਰਨ ਮੇਰਾ ਦਿਲ ਅਨੰਦ ਹੋਇਆ, ਅਤੇ ਮੇਰੀ ਜੀਭ ਨਿਹਾਲ ਹੋਈ; ਸਗੋਂ...ਮੇਰਾ ਸਰੀਰ ਭੀ ਆਸਾ ਵਿੱਚ ਵੱਸੇਗਾ:*

*ਕਿਉਂਕਿ ਤੂੰ ਮੇਰੀ ਜਾਨ ਨੂੰ ਪਤਾਲ ਵਿੱਚ ਨਾ ਛੱਡੇਗਾ, ਨਾ ਆਪਣੇ ਪਵਿੱਤ੍ਰ ਪੁਰਖ ਨੂੰ ਗਲਨ ਦੇਵੇਂਗਾ।*

*ਤੈਂ ਮੈਨੂੰ...ਮੇਰੇ—ਮੇਰੇ ਜੀਉਣ ਦੇ ਰਾਹ ਦੱਸੇ, ਮੇਰੇ ਜੀਉਣ ਦੇ ਰਾਹ; ਤੂੰ ਮੈਨੂੰ ਆਪਣੇ ਦਰਸ਼ਣ ਤੋਂ ਖੁਸ਼ੀ ਨਾਲ ਭਰ ਦੇਵੇਂਗਾ।*

*ਹੇ ਪੁਰਖੋ ਅਤੇ ਭਰਾਵੋ, ਮੈਂ ਘਰਾਣੇ ਦੇ ਸਰਦਾਰ ਦਾਊਦ ਦੇ ਵਿਖੇ ਤੁਹਾਨੂੰ ਬੇਧੜਕ ਕਹਿ ਸੱਕਦਾ ਹਾਂ,...ਭਈ ਉਹ ਤਾਂ ਮੋਇਆ ਅਤੇ ਦੱਬਿਆ ਭੀ ਗਿਆ, ਅਰ ਉਹ ਦੀ ਕਬਰ...ਅੱਜ ਤੀਕੁਰ ਸਾਡੇ ਵਿੱਚ ਹੈ।*

*ਇਸ ਕਰਕੇ ਜੋ ਉਹ ਨਬੀ ਸੀ ਅਤੇ ਇਹ ਜਾਣਦਾ ਸੀ ਜੋ ਪਰਮੇਸ਼ੁਰ ਨੇ ਮੇਰੇ ਨਾਲ ਸੌਂਹ ਖਾਧੀ ਹੈ...*

ਮੈਨੂੰ ਹੁਣੇ ਹੀ ਇਹ ਇਸ ਨੂੰ ਪ੍ਰਚਾਰ ਕਰਦੇ ਹੋਏ ਮਿਲਿਆ ਹੈ।

*...ਕਿ ਉਸ ਦੀ ਦੇਹ ਦੇ ਫਲ ਦੇ ਅਨੁਸਾਰ—ਅਨੁਸਾਰ, ਉਹ* ਕਰੇਗਾ...*ਦੇਹ ਦੇ ਅਨੁਸਾਰ, ਉਹ ਮਸੀਹ ਨੂੰ ਆਪਣੇ ਸਿੰਘਾਸਣ ਤੇ ਬੈਠਣ ਲਈ ਉਠਾਏਗਾ;*

ਬਸ ਮੈਨੂੰ ਪ੍ਰਚਾਰ ਕਰਦੇ ਹੋਏ ਮਿਲਿਆ ਹੈ। ਪਤਰਸ ਉਸੇ ਗੱਲ ਦਾ ਪ੍ਰਚਾਰ ਕਰ ਰਿਹਾ ਹੈ।

*ਅਤੇ ਉਹ ਨੇ ਇਹ ਅੱਗਿਓਂ ਵੇਖ ਕੇ* (ਨਬੀ ਨੇ ਇਸਨੂੰ ਪਹਿਲਾਂ ਦੇਖਿਆ ਸੀ।) *ਮਸੀਹ ਦੇ ਜੀ ਉੱਠਣ ਦੀ ਗੱਲ ਕੀਤੀ, ਕਿ ਨਾ ਉਹ ਪਤਾਲ ਵਿੱਚ ਛੱਡਿਆ ਗਿਆ, ਅਤੇ ਨਾ ਉਸ ਦਾ ਸਰੀਰ ਗੱਲਿਆ।*

*ਉਸੇ ਯਿਸੂ ਨੂੰ ਪਰਮੇਸ਼ੁਰ ਨੇ ਜੀਉਂਦਾ ਉਠਾਇਆ, ਜਿਹ ਦੇ ਅਸੀਂ ਸੱਭੇ ਗਵਾਹ ਹਾਂ।*

*ਸੋ ਅੱਤ ਉੱਚਾ ਹੋ ਕੇ ਅਤੇ ਪਰਮੇਸ਼ੁਰ ਦੇ ਸੱਜੇ ਹੱਥ ਕੋਲ...ਸੱਜੇ ਹੱਥ ਕੋਲ ਹੋਣ ਕਰਕੇ,* ਸਵਰਗ ਵਿੱਚ ਉੱਚਾ ਕੀਤਾ ਗਿਆ। *ਪਿਤਾ ਤੋਂ ਪਵਿੱਤ੍ਰ ਆਤਮਾ ਦਾ...ਕਰਾਰ ਪਾ ਕੇ, ਉਸ ਨੇ...ਵਹਾ ਦਿੱਤਾ, ਇਹ ਜੋ ਤੁਸੀਂ ਵੇਖਦੇ ਅਤੇ ਸੁਣਦੇ ਹੋ।*

*ਕਿਉਂ ਜੋ ਦਾਊਦ ਅਕਾਸ਼ ਉੱਤੇ ਨਾ ਗਿਆ,* (ਨਬੀ): *ਪਰ ਉਹ ਆਪੇ ਕਹਿੰਦਾ ਹੈ,* ***ਪ੍ਰਭੁ*** *ਨੇ ਮੇਰੇ* ***ਪ੍ਰਭੁ*** *ਨੂੰ ਆਖਿਆ, ਤੂੰ ਮੇਰੇ ਸੱਜੇ ਪਾਸੇ ਬੈਠ,*

*ਜਦ ਤੀਕੁਰ ਮੈਂ ਤੇਰੇ ਵੈਰੀਆਂ ਨੂੰ ਤੇਰੇ ਪੈਰ ਰੱਖਣ ਦੀ ਚੌਂਕੀ ਨਾ ਕਰ ਦਿਆਂ।*

*ਇਸ ਲਈ* (ਇਹ ਸੁਣੋ) *ਇਸਰਾਏਲ ਦਾ ਸਾਰਾ ਘਰਾਣਾ ਜ਼ਰੂਰ ਜਾਣ ਲਵੇ, ਕਿ ਪਰਮੇਸ਼ੁਰ ਨੇ ਉਸੇ ਯਿਸੂ ਨੂੰ ਬਣਾਇਆ,* ਜਿਹ ਨੂੰ ਤੁਸਾਂ...*ਸਲੀਬ ਉੱਤੇ ਚਾੜ੍ਹਿਆ, ਜੋ* ***ਪ੍ਰਭੁ*** *ਅਤੇ ਮਸੀਹ ਵੀ ਸੀ।*

ਇਸ ਨਾਲ ਇਸ ਦਾ ਨਿਪਟਾਰਾ ਹੋ ਜਾਣਾ ਚਾਹੀਦਾ ਹੈ, ਹੈ ਨਾ?

*ਜਾਂ ਉਨ੍ਹਾਂ ਨੇ ਇਹ ਸੁਣਿਆ, ਉਹਨਾਂ ਪਾਪੀਆਂ ਨੇ, ਤਾਂ ਉਨ੍ਹਾਂ ਦੇ ਦਿਲ ਛਿਦ ਗਏ, ਅਤੇ ਪਤਰਸ...ਮਨੁੱਖਾਂ ਨੇ...ਅਤੇ ਪਤਰਸ ਅਰ... ਬਾਕੀ ਦੇ...ਰਸੂਲਾਂ ਨੂੰ ਕਿਹਾ, ਕਿ ਹੇ ਭਾਈਓ ਅਸੀਂ ਕੀ ਕਰੀਏ?*

452 ਠੀਕ ਹੈ। ਤੁਸੀਂ ਇੱਥੇ ਹੋ। ਉਸ ਕੋਲ ਕੀ ਹੈ? ਕੁੰਜੀਆਂ, ਰਾਜ ਦੀਆਂ ਕੁੰਜੀਆਂ। ਰਾਜ ਕਿੱਥੇ ਹੈ? ਇਹ ਤੁਹਾਡੇ ਅੰਦਰ ਹੈ। ਇਹ ਸਹੀ ਹੈ? ਪਵਿੱਤਰ ਆਤਮਾ ਪਰਮੇਸ਼ੁਰ ਦਾ ਰਾਜ ਹੈ। ਸਾਨੂੰ ਇਸ ਨੂੰ ਪਤਾ ਹੈ। ਅਸੀਂ ਰਾਜ ਵਿੱਚ ਪੈਦਾ ਹੋਏ ਹਾਂ, ਇਸਦੇ ਪਰਜਾ ਅਤੇ ਪ੍ਰਤੀਨਿਧ ਵਜੋਂ। ਦੇਖੋ। ਚਾਬੀਆਂ ਉਸ ਦੇ ਕੋਲ ਹਨ। “ਤੁਸੀਂ ਇਸ ਨਾਲ ਕੀ ਕਰਨ ਜਾ ਰਹੇ ਹੋ?” ਇਹ ਪਹਿਲੀ ਵਾਰ ਹੈ ਜਦੋਂ ਦਰਵਾਜ਼ਾ ਖੋਲ੍ਹਿਆ ਗਿਆ ਸੀ।

453 ਹੁਣ, ਸਵਾਲ ਪ੍ਰਚਾਰਕ ਨੂੰ ਪੁੱਛਿਆ ਜਾਂਦਾ ਹੈ, ਪਹਿਲੀ ਵਾਰ, ਜਿਸ ਕੋਲ ਕੁੰਜੀਆਂ ਸਨ। ਮੈਂ ਮੰਨਦਾ ਹਾਂ ਜੇ ਉਸਨੇ ਕਿਹਾ ਹੁੰਦਾ, “ਆਪਣੇ ਸਿਰ ਤੇ ਖਲੋ ਜਾਓ,” ਤਾਂ ਇਹ ਅਧਿਕਾਰਤ ਹੋਣਾ ਸੀ।

454 “ਜੋ ਵੀ ਤੁਸੀਂ ਧਰਤੀ ਉੱਤੇ ਬੰਨ੍ਹੋਗੇ, ਮੈਂ ਸਵਰਗ ਵਿੱਚ ਬੰਨ੍ਹ ਦਿਆਂਗਾ।” ਠੀਕ ਹੈ। “ਤੁਸੀਂ ਜੋ ਵੀ ਕਹੋਗੇ, ਮੈਂ ਉਹੀ ਗੱਲ ਕਹਾਂਗਾ। ਕੁੰਜੀ ਤੁਹਾਡੇ ਕੋਲ ਹੈ।” ਠੀਕ ਹੈ। ਉਹ ਦਰਵਾਜ਼ੇ ਵਿੱਚ ਕੁੰਜੀ ਫਸਾਉਂਦਾ ਹੈ।

*...ਤੁਸੀਂ ਕੀ ਕਰਦੇ ਹੋ? ਹੇ ਪੁਰਖੋ ਅਤੇ ਭਰਾਵੋ, ਅਸੀਂ ਕੀ ਕਰੀਏ?*

*ਜਾਂ ਉਨ੍ਹਾਂ ਨੇ ਇਹ ਸੁਣਿਆ, ਤਾਂ ਉਨ੍ਹਾਂ ਦੇ ਦਿਲ ਛਿਦ ਗਏ ਅਤੇ ਕਿਹਾ...ਪੁਰਖੋ ਅਤੇ ਭਰਾਵੋ,...*

*...ਤਦ ਪਤਰਸ ਨੇ ਉਨ੍ਹਾਂ ਨੂੰ ਆਖਿਆ, ਤੋਬਾ ਕਰੋ, ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ, ਤਾਂ ਤੁਸੀਂ ਪਵਿੱਤ੍ਰ ਆਤਮਾ ਦਾ ਦਾਨ ਪਾਓਗੇ।*

*ਕਿਉਂਕਿ ਇਹ ਕਰਾਰ ਤੁਹਾਡੇ, ਅਰ ਤੁਹਾਡੇ ਬਾਲਕਾਂ ਦੇ ਨਾਲ ਹੈ, ਅਤੇ ਓਹਨਾਂ ਸਭਨਾਂ ਨਾਲ ਜਿਹੜੇ ਦੂਰ ਹਨ, ਜਿੰਨਿਆਂ ਨੂੰ ਪ੍ਰਭੁ ਸਾਡਾ ਪਰਮੇਸ਼ੁਰ ਆਪਣੇ ਕੋਲ ਬੁਲਾਵੇ।*

ਜਿਸ ਨੇ ਇਸ ਨੂੰ ਸਦਾ ਲਈ ਨਿਪਟਾ ਦਿੱਤਾ। ਕੋਈ ਵੀ ਵਿਅਕਤੀ ਕਦੇ ਵੀ, ਕਿਸੇ ਵੀ ਸਮੇਂ, ਕਦੇ ਵੀ, ਕਦੇ ਵੀ ਇਸਦਾ ਖੰਡਨ ਨਹੀਂ ਕਰ ਸਕਦਾ।

455 ਕੈਥੋਲਿਕ ਕਲੀਸਿਯਾ ਆਉਂਦੀ ਹੈ, ਡੁੱਬਕੀ ਦੀ ਬਜਾਏ, ਉਹ ਛਿੜਕਾਅ ਕਰਦੇ ਹਨ। ਯਿਸੂ ਦੇ ਨਾਮ ਦੀ ਵਰਤੋਂ ਕਰਨ ਦੀ ਬਜਾਏ, ਉਨ੍ਹਾਂ ਨੇ ਲਿਆ ਹੈ,

"ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ।" ਬਾਈਬਲ ਵਿਚ ਇਹ ਕਦੇ ਵੀ ਨਹੀਂ ਸਿਖਾਇਆ ਗਿਆ ਸੀ।

456 ਉਸ ਸਮੇਂ ਤੋਂ ਹਰ ਵਿਅਕਤੀ ਨੇ ਯਿਸੂ ਮਸੀਹ ਦੇ ਨਾਮ ਵਿੱਚ ਡੁਬਕੀ ਲੈ ਕੇ ਬਪਤਿਸਮਾ ਲਿਆ। ਅਤੇ ਕਈਆਂ ਨੂੰ ਯੂਹੰਨਾ ਬਪਤਿਸਮਾ ਦੇਣ ਵਾਲੇ ਦੁਆਰਾ ਡੁੱਬਕੀ ਦਿੱਤੀ ਗਈ ਸੀ, ਜਿਸਨੇ ਯਿਸੂ ਨੂੰ ਬਪਤਿਸਮਾ ਦਿੱਤਾ ਸੀ, ਅਤੇ ਪੌਲੁਸ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਇਸ ਤਰ੍ਹਾਂ ਪਵਿੱਤਰ ਆਤਮਾ ਪ੍ਰਾਪਤ ਨਹੀਂ ਕਰ ਸਕਦੇ। ਉਨ੍ਹਾਂ ਨੂੰ ਵਾਪਸ ਆ ਕੇ ਦੁਬਾਰਾ ਬਪਤਿਸਮਾ ਲੈਣਾ ਪਿਆ, ਦੁਬਾਰਾ, ਯਿਸੂ ਦੇ ਨਾਮ ਵਿੱਚ, ਇਸ ਤੋਂ ਪਹਿਲਾਂ ਕਿ ਉਹਨਾਂ ਨੂੰ ਪਵਿੱਤਰ ਆਤਮਾ ਮਿਲਦਾ। ਕਿੰਨੇ ਜਾਣਦੇ ਹਨ ਕਿ ਇਹ ਵਚਨ ਹੈ? ਰਸੂਲਾਂ ਦੇ ਕਰਤੱਬ, 19ਵਾਂ ਅਧਿਆਇ। ਉਥੇ ਤੁਸੀਂ ਹੋ। ਕਿਉਂਕਿ, ਸਵਰਗ ਦੇ ਰਾਜ ਨੂੰ ਕਿਸੇ ਹੋਰ ਤਰੀਕੇ ਨਾਲ ਮੋਹਰਬੰਦ ਕੀਤਾ ਗਿਆ ਸੀ, ਯਿਸੂ ਮਸੀਹ ਦੁਆਰਾ ਸਹੁੰ ਖਾ ਕੇ, ਜੋ ਕਿ ਸਵਰਗ ਵਿੱਚ ਅਧਿਕਾਰਤ ਹੋਵੇਗਾ।

> *...ਤੋਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ,... ਤਾਂ ਤੁਸੀਂ ਪਵਿੱਤ੍ਰ ਆਤਮਾ ਦਾ ਦਾਨ ਪਾਓਗੇ।*
>
> ਕਿਉਂਕਿ, *ਕਿਉਂਕਿ ਇਹ ਕਰਾਰ ਤੁਹਾਡੇ, ਅਰ ਤੁਹਾਡੇ ਬਾਲਕਾਂ ਦੇ ਨਾਲ ਹੈ,...* ਅਤੇ ਓਹਨਾਂ ਸਭਨਾਂ ਨਾਲ *ਜਿਹੜੇ ਦੂਰ ਹਨ, ਜਿੰਨਿਆਂ ਨੂੰ ਪ੍ਰਭੁ ਸਾਡਾ ਪਰਮੇਸ਼ੁਰ ਆਪਣੇ ਕੋਲ ਬੁਲਾਵੇ।*

ਆਮੀਨ। ਆਓ ਪ੍ਰਾਰਥਨਾ ਕਰੀਏ।

457 ਪਿਤਾ, ਅੱਜ ਰਾਤ, ਉਨੀ ਸੌ ਅਤੇ ਕੁਝ ਸਾਲ ਬੀਤ ਗਏ ਹਨ, ਫਿਰ ਵੀ ਮਨੁੱਖੀ ਦਿਲਾਂ ਦੀ ਇਮਾਨਦਾਰੀ ਅਤੇ ਖਰਿਆਈ ਅਜੇ ਵੀ ਪਰਮੇਸ਼ੁਰ ਲਈ ਪੁਕਾਰਦੀ ਹੈ, ਜਿਵੇਂ ਬੱਚੇ ਆਪਣੀ ਮਾਂ ਦੇ ਦੁੱਧ ਲਈ ਰੋਂਦੇ ਹਨ। ਅਸੀਂ ਤੁਹਾਨੂੰ ਪਿਆਰ ਕਰਦੇ ਹਾਂ, ਪ੍ਰਭੂ। ਅਸੀਂ ਤੇਰੇ ਬਿਨਾਂ ਨਹੀਂ ਰਹਿ ਸਕਦੇ। ਜਿਵੇਂ ਦਾਉਦ ਡੇਵਿਡ ਨੇ ਕਿਹਾ ਸੀ, "ਮੇਰੀ ਆਤਮਾ ਤੇਰੇ ਲਈ ਪਿਆਸੀ ਹੈ, ਜਿਵੇਂ ਹਰਨੀ ਪਾਣੀ ਦੇ ਸੋਤੇ ਲਈ।" ਉਸ ਨੂੰ ਇਹ ਮਿਲਣਾ ਚਾਹੀਦਾ ਹੈ, ਜਾਂ ਉਹ ਮਰ ਜਾਵੇਗੀ।

458 ਅਤੇ, ਪਿਤਾ, ਅਸੀਂ ਲਿਖਤਾਂ ਨੂੰ ਅੱਗੋਂ ਅਤੇ ਪਿੱਛੋਂ, ਜੋੜਿਆ ਹੈ। ਵੱਖਰੇ ਬਣਨ ਲਈ ਨਹੀਂ, ਪਰ ਅਸੀਂ ਇਹਨਾਂ ਸੈਮੀਨਰੀਆਂ ਨੂੰ ਦੇਖਦੇ ਹਾਂ, ਅੱਜ ਦੇ ਧਰਮ ਸ਼ਾਸਤਰੀ ਵਿਦਿਆਰਥੀਆਂ ਨੂੰ, ਜੋ ਮਨੁੱਖਾਂ ਦੇ ਹੁਕਮਾਂ ਅਨੁਸਾਰ ਪ੍ਰਚਾਰ ਕਰਦੇ ਹਨ, ਨਾ ਕਿ ਪਰਮੇਸ਼ੁਰ ਦੇ ਹੁਕਮਾਂ ਦੇ ਅਨੁਸਾਰ। ਇਸ ਲਈ, ਹੇ ਪ੍ਰਭੂ, ਅਸੀਂ ਉਨ੍ਹਾਂ ਆਦਮੀਆਂ ਨੂੰ ਨਫ਼ਰਤ ਨਹੀਂ ਕਰਦੇ, ਪਰ ਅਸੀਂ ਉਨ੍ਹਾਂ ਚੀਜ਼ਾਂ

ਨੂੰ ਨਫ਼ਰਤ ਕਰਦੇ ਹਾਂ ਜੋ ਉਹ ਸਿਖਾਉਂਦੇ ਹਨ। ਇਸ ਲਈ, ਪ੍ਰਭੂ, ਅਸੀਂ ਮੰਗ ਕਰਦੇ ਹਾਂ ਕਿ ਉਹ ਸਾਡੇ ਭਾਈ ਬਣ ਜਾਣ। ਅਸੀਂ ਬੇਨਤੀ ਕਰਦੇ ਹਾਂ ਕਿ ਤੁਸੀਂ ਉਨ੍ਹਾਂ ਦੀ ਗਲਤੀ ਨੂੰ ਮਾਫ਼ ਕਰੋ। ਅਤੇ ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਉਹ ਵਚਨ ਕੋਲ ਆਉਣ, ਇਸ ਨੂੰ ਪੜ੍ਹਣ, ਉਸ ਤਰੀਕੇ ਨਾਲ ਨਹੀਂ ਜਿਸ ਤਰ੍ਹਾਂ ਕੁਝ ਸੈਮੀਨਰੀ ਇਸ ਨੂੰ ਸਿਖਾਉਂਦੇ ਹਨ, ਪਰ ਉਸ ਤਰ੍ਹਾਂ ਜਿਵੇਂ ਪਰਮੇਸ਼ੁਰ ਨੇ ਇਸ ਨੂੰ ਲਿਖਿਆ ਹੈ।

459 ਅਸੀਂ ਪ੍ਰਾਰਥਨਾ ਕਰਦੇ ਹਾਂ, ਪਰਮੇਸ਼ੁਰ, ਹੁਣ, ਕਿ ਇਹ ਉਮੀਦਵਾਰ ਜੋ ਅੱਜ ਰਾਤ ਨੂੰ ਪਾਣੀ ਦੇ ਬਪਤਿਸਮੇ ਲਈ ਆ ਰਹੇ ਹਨ, ਜਦ ਸਾਡੇ ਬਹਾਦਰ ਪਾਸਟਰ ਇੰਜੀਲ ਦਾ ਪ੍ਰਚਾਰ ਕਰਨ, ਮੰਚ ਉੱਤੇ ਆਉਂਦੇ ਹਨ, ਇਸੇ ਇੰਜੀਲ ਦਾ, ਅਤੇ ਫਿਰ ਬਪਤਿਸਮੇ ਵਾਲੇ ਚੁੱਬੱਚੇ ਵੱਲ, ਡੁੱਬਕੀ ਲਈ, ਬਖਸ਼ੋ, ਪ੍ਰਭੂ, ਕਿ ਇਨ੍ਹਾਂ ਵਿੱਚੋਂ ਹਰ ਇੱਕ ਨੂੰ ਪਵਿੱਤਰ ਆਤਮਾ ਪ੍ਰਾਪਤ ਹੋਵੇ, ਕਿਉਂਕਿ ਤੁਸੀਂ ਵਾਅਦਾ ਕੀਤਾ ਸੀ, “ਤੁਹਾਨੂੰ ਪਵਿੱਤਰ ਆਤਮਾ ਮਿਲੇਗਾ।” ਹੋਣ ਦੇ ਕਿ ਪਰਮੇਸੁਰ ਦੀ ਆਤਮਾ ਪਾਣੀ ਦੇ ਉੱਤੇ ਉਡੀਕ ਕਰ ਹੋਵੇ, ਅੱਜ ਰਾਤ ਉਮੀਦਵਾਰ ਨੂੰ ਸਵੀਕਾਰ ਕਰਨ ਲਈ, ਕਿਉਂਕਿ ਅਸੀਂ ਉਨ੍ਹਾਂ ਨੂੰ ਯਿਸੂ ਮਸੀਹ ਦੇ ਨਾਮ ਵਿੱਚ, ਤੁਹਾਡੇ ਹੱਥਾਂ ਵਿੱਚ ਸੌਂਪਦੇ ਹਾਂ। ਆਮੀਨ।

*ਇਬਰਾਨੀਆਂ, ਅਧਿਆਇ ਸੱਤ* *2* PUN57-0922E

(Hebrews, Chapter Seven 2)

**ਇਬਰਾਨੀਆਂ ਲੜੀ ਦੀ ਕਿਤਾਬ**

ਭਾਈ ਵਿਲੀਅਮ ਮੈਰੀਅਨ ਬ੍ਰਨਹਾਮ ਦਾ ਇਹ ਸੰਦੇਸ਼, ਮੂਲ ਰੂਪ ਵਿਚ ਅੰਗ੍ਰੇਜ਼ੀ ਵਿਚ ਦਿੱਤਾ ਗਿਆ ਸੀ ਐਤਵਾਰ ਸ਼ਾਮ ਨੂੰ, 22 ਸਤੰਬਰ, 1957 ਨੂੰ, ਜੇਫਰਸਨਵਿਲੇ, ਇੰਡੀਆਨਾ, ਯੂ.ਐਸ.ਏ. ਵਿੱਚ ਬ੍ਰੈਨਹੈਮ ਟੈਬਰਨੇਕਲ ਵਿਖੇ, ਇਸ ਨੂੰ ਇਕ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿਚ ਬਿਨਾਂ ਘਟਾਏ ਵਧਾਏ ਛਾਪਿਆ ਗਿਆ ਹੈ। ਇਹ ਪੰਜਾਬੀ ਅਨੁਵਾਦ ਵਾਇਸ ਆਫ਼ ਗੌਡ ਰਿਕਾਰਡਿੰਗਜ਼ ਦੁਆਰਾ ਛਾਪਿਆ ਅਤੇ ਵੰਡਿਆ ਗਿਆ ਸੀ।

PUNJABI

©2023 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

# ਕਾਪੀਰਾਈਟ ਨੋਟਿਸ

ਸਾਰੇ ਹੱਕ ਰਾਖਵੇਂ ਹਨ । ਇਹ ਕਿਤਾਬ ਨਿਜੀ ਵਰਤੋਂ ਜਾਂ ਯਿਸੂ ਮਸੀਹ ਦੇ ਸੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਿੰਟਰ ਤੇ ਛਾਪੀ ਜਾ ਸਕਦੀ ਹੈ । ਇਹ ਕਿਤਾਬ ਵੋਇਸ ਆਫ ਗੋਡ ਰਿਕਾਰਡਿੰਗਜ® ਵਲੋਂ ਲਿਖਿਤੀ ਇਜ਼ਾਜ਼ਤ ਦੇ ਬਿਨਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਿਸੇ ਵੈਬਸਾਈਟ ਤੇ ਪੋਸਟ, ਕਿਸੇ ਰੀਟਰੀਵਲ ਸਿਸਟਮ ਤੇ ਸਟੋਰ, ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ । ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਿਰਪਾ ਕਰੇ ਸੰਪਰਕ ਕਰੋ:

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org